Hansti Duniya (Punjabi)
Vol. 47 ✶ No. 12 ✶ December 2023

₹ 25/-

# ਹੱਸਤੀ ਦੁਨੀਆ



# ਹੱਸਦੀ ਦੁਨੀਆ

★ VOL - 47

ਅੰਕ - 12 ★ ਦਸੰਬਰ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Rakesh Mutreja, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009

Chief Editor (Honorary)
Dr. Vijay Sharma
Editor (Honorary)
S.S. Randhawa
Asstt. Editor
Kuldeep Kaur

E-mail : hduniya.punjabi@nirankari.org
editorial@nirankari.org
Ph. : 011-47660200
Fax : 011-27608215
Website : www.nirankari.org
kids.nirankari.org


04


21


18


22



46


## ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 12
ਹਾਸਾ-ਖੇਡਾ 18
ਸਾਧਾਰਣ ਗਿਆਨ ਪ੍ਰਸ਼ਨੋਤਰੀ 21
ਕੀ ਤੁਸੀਂ ਜਾਣਦੇ ਹੋ? 29
ਰੰਗ ਭਰੋ ਪ੍ਰਤੀਯੋਗਿਤਾ 39
ਕਦੇ ਨਾ ਭੁੱਲੋ 45
ਬੁੱਧੀ ਦੀ ਪਰਖ 50

## ਚਿੱਤਰਕਥਾਵਾਂ

ਕਿੱਟੀ 22
ਚਿਤੱਰਕਥਾ 46

# ਕਹਾਣੀਆਂ


07. ਮਾਨਵ ਦੀ ਕਹਾਣੀ
– ਸ਼ਿਵਚਰਣ

14. ਨਦੀ ਦਾ ਘਮੰਡ
– ਰਾਜਕੁਮਾਰ ਜੈਨ

16. ਘੜੇ ਚੋਂ ਨਿਕਲਿਆ ਬੱਚਾ ...
– ਸੁਰੇਸ਼ ਸੌਰਭ

26. ਕਿਤਾਬ ਦੇ ਸਫ਼ੇ
– ਜਗਤਾਰ ਚਮਨ

28. ਅਨੋਖਾ ਨਿਆਂ
– ਮੀਨਾ ਮੈਡਮ

34. ਚੌਥੇ ਸੇਵਕ ਦੀ ਬੁੱਧੀਮਾਨੀ ...
– ਬਾਵਾ ਸਿੰਘ

42. ਮੈਂ ਬੇਈਮਾਨ ਨਹੀਂ
– ਪਰਿਧੀ ਮੈਡਮ


# ਵਿਸ਼ੇਸ਼ ਲੇਖ


06. ਖੁੱਦਦਾਰ ਬਾਲਕ ...
– ਅਮਰਜੀਤ ਅਮਰ

10. ਲੇਜ਼ਰ ਕਿਰਣਾਂ
– ਕੈਲਾਸ਼ ਜੈਨ


13. ਵਿਸ਼ਵ ਦੀਆਂ ਘੋੜਸਵਾਰ ...
– ਅਮਰਜੀਤ ਚੰਦਰ

30. ਚਾਕੂ ਮੱਛੀ
– ਮਨਮੋਹਨ ਬਾਵਾ

33. ਸਾਹਸੀ ਕਿਸ਼ੋਰ
– ਰਾਮਕੁਮਾਰ

36. ਸ਼ੁਤਰਮੁਰਗ
– ਵਿਦਿਆ ਪ੍ਰਕਾਸ਼

38. ਖੂਬਸੂਰਤ ਆਲ੍ਹਣਾ
– ਕਲਵਿੰਦਰ ਬੱਬੀ





# ਗੀਤ-ਕਵਿਤਾਵਾਂ


05. ਰੰਗ-ਬਿਰੰਗੀ ਧਰਤੀ...
– ਡਾ. ਪਰਸ਼ੂਰਾਮ

17. ਰੁੱਖ ਲਗਾਉ
– ਪਰਮਜੀਤ

20. ਐਸਾ ਕੰਮ ਕਦੇ ਨਹੀਂ ...
– ਰਾਜਕੁਮਾਰ ਰਾਜਨ

32. ਮੇਰੇ ਬਗੀਚੇ ਵਿੱਚ
– ਸ਼ਾਮਸੁੰਦਰ

41. ਮੋਰ
– ਹਰਜਿੰਦਰ ਪਾਇਲ

44. ਜੰਨਤ ਦੀ ਪਰਿਭਾਸ਼ਾ ਨਾਰੀ
– ਬਲਵਿੰਦਰ 'ਬਾਲਮ'










*ਸਭ ਤੋਂ ਪਹਿਲਾਂ*



# ਮਾਫ਼ ਕਰੋ ਅਤੇ ਪ੍ਰੇਮ ਕਰੋ

ਪਿਆਰੇ ਬੱਚਿਓ! ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਇਹ ਦਸੰਬਰ ਦਾ ਮਹੀਨਾ ਹਰ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਇਸ ਦੇ ਖ਼ਤਮ ਹੋ ਜਾਣ ਤੇ ਅਸੀਂ ਸਾਲ 2023 ਨੂੰ ਅਲਵਿਦਾ ਕਹਿ ਦੇਣਾ ਹੈ ਅਤੇ ਨਵੇਂ ਸਾਲ 2024 ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋ ਜਾਵਾਂਗੇ। ਸਮਾਂ ਤਾਂ ਚੱਲਦਾ ਹੀ ਰਹੇਗਾ ਪਰ ਅਸੀਂ ਉਪਕਾਰ ਵਾਲੇ ਕਰਮ ਕਰਦੇ ਹੋਏ ਸਭ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਨਾ ਹੈ। ਹਮੇਸ਼ਾਂ ਸੱਚ ਨੂੰ ਅਪਨਾਉਣਾ ਹੈ ਅਤੇ ਅਗਿਆਨਤਾ ਦੇ ਹਨ੍ਹੇਰੇ ਵਿੱਚ ਜੀਵਨ ਨਹੀਂ ਜਿਉਣਾ। ਆਪਣੇ ਆਪਣੇ ਦਿਲਾਂ ਵਿੱਚ ਨਵੀਆਂ ਉਮੰਗਾਂ ਲੈ ਕੇ ਨਵੇਂ ਸਾਲ ਵਿੱਚ ਦਾਖਿਲ ਹੋਣ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਲਓ। ਕਦੇ ਵੀ ਆਸ ਦਾ ਪੱਲਾ ਨਹੀਂ ਛੱਡਣਾ ਅਤੇ ਸਦਾ ਆਸ਼ਾਵਾਦੀ ਬਣ ਕੇ ਰਹਿਣਾ ਹੈ, ਸਭ ਨਾਲ ਪ੍ਰੇਮ ਪੂਰਵਕ ਵਿਵਹਾਰ ਕਰਨਾ ਹੈ। ਜੋ ਵੀ ਅਜਿਹਾ ਕਰਦੇ ਹਨ ਉਹ ਹਮੇਸ਼ਾਂ ਯਾਦ ਰਹਿੰਦੇ ਹਨ।

ਪਿਆਰੇ ਬੱਚਿਓ! ਦਸੰਬਰ ਦੀ ਸਰਦੀ ਦੇ ਮੌਸਮ ਦਾ ਆਨੰਦ ਤਾਂ ਤੁਸੀਂ ਮਾਣ ਹੀ ਰਹੇ ਹੋਵੋਗੇ ਪਰ ਕਦੇ-ਕਦੇ ਸਰਦੀ ਬਹੁਤ ਹੋ ਜਾਂਦੀ ਹੈ। ਇਸ ਲਈ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਗਰਮ ਕੱਪੜੇ ਪਾ ਕੇ ਬਾਹਰ ਨਿਕਲਣਾ ਹੈ। ਬਦਲਦੇ ਮੌਸਮ ਦੇ ਨਾਲ-ਨਾਲ ਕੁਝ ਬਿਮਾਰੀਆਂ ਵੀ ਆ ਜਾਂਦੀਆਂ ਹਨ। ਕਈ ਤਰ੍ਹਾਂ ਦੇ ਵਾਇਰਲ ਹਵਾ ਵਿੱਚ ਫੈਲੇ ਹੋਏ ਹੁੰਦੇ ਹਨ ਜਿਸ ਕਾਰਣ ਬੁਖਾਰ ਅਤੇ ਖਾਂਸੀ ਵੀ ਹੋ ਸਕਦੇ ਹਨ ਇਸ ਗਰਮ ਕਪੜਿਆਂ ਦੀ ਵਰਤੋਂ ਕਰਕੇ ਆਪਣੀ ਸਿਹਤ ਦਾ ਪੂਰਾ ਧਿਆਨ ਰੱਖਣਾ ਹੈ।

ਤੁਸੀਂ ਇਹ ਵੀ ਜਾਣਦੇ ਹੋ ਕਿ ਦਸੰਬਰ ਵਿੱਚ ਵੱਡੇ ਦਿਨਾਂ ਦੀਆਂ ਛੁੱਟੀਆਂ ਵੀ ਹੁੰਦੀਆਂ ਹਨ ਜਿਸ ਕਾਰਨ ਕਈ ਬੱਚੇ ਲਾਪਰਵਾਹ ਹੋ ਜਾਂਦੇ ਹਨ। ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਕਈ ਵਾਰ ਮਾਤਾ-ਪਿਤਾ ਲਈ ਮੁਸ਼ਕਿਲ ਆ ਜਾਂਦੀ ਹੈ। ਇਸ ਲਈ ਤੁਸੀਂ ਲਾਪਰਵਾਹ ਨਹੀਂ ਹੋਣਾ।

ਪਿਆਰੇ ਬੱਚਿਓ! ਤੁਹਾਨੂੰ ਇਹ ਵੀ ਪਤਾ ਹੈ ਕਿ ਦਸੰਬਰ ਮਹੀਨੇ ਵਿੱਚ ਕ੍ਰਿਸਮਿਸ ਦਾ ਤਿਉਹਾਰ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਮਹਾਤਮਾ 'ਈਸਾ ਮਸੀਹ' ਦੀ ਯਾਦ ਵਿੱਚ ਸਿਰ ਝੁਕਾ ਕੇ ਉਹਨਾਂ ਦੀਆਂ ਸਿਖਿਆਵਾਂ ਨੂੰ ਦੁਹਰਾਇਆ ਜਾਂਦਾ ਹੈ। ਮਹਾਤਮਾ ਈਸਾ ਮਸੀਹ ਜੀ ਨੇ ਇਨਸਾਨਾਂ ਨੂੰ ਪ੍ਰੇਮ ਕਰਨ ਦੀ ਸਿੱਖਿਆ ਦਿੱਤੀ। ਇਥੋਂ ਤੱਕ ਕਿ ਉਹਨਾਂ ਨੇ ਪ੍ਰੇਮ ਨੂੰ ਹੀ ਪ੍ਰਮਾਤਮਾ ਦਾ ਦਰਜ਼ਾ ਦਿੱਤਾ। ਉਹਨਾਂ ਨੇ ਬੜੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਪ੍ਰੇਮ ਹੀ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਹੀ ਪ੍ਰੇਮ ਹੈ। ਅਸੀਂ ਸਾਰੇ ਰੱਬ ਦੇ ਹੀ ਬਣਾਏ ਹੋਏ ਬੰਦੇ ਹਾਂ। ਇਸ ਲਈ ਸਭ ਨਾਲ ਪ੍ਰੇਮ ਕਰਨਾ ਹੈ।

ਮਹਾਤਮਾ ਈਸਾ ਮਸੀਹ ਨੇ ਪ੍ਰੇਮ ਦੇ ਨਾਲ-ਨਾਲ ਮਾਫ਼ ਕਰਨ ਦੀ ਵੀ ਸਿਖਿਆ ਦਿੱਤੀ ਜਦੋਂ ਆਖਰੀ ਸਮੇਂ ਕੁੱਝ ਅਨਜਾਣ ਲੋਕਾਂ ਕਾਰਨ ਉਨ੍ਹਾਂ ਨੂੰ ਕਈ ਤਸੀਹੇ ਦੇ ਕੇ ਸੂਲੀ ਤੇ ਚੜਾਇਆ ਜਾਣ ਲੱਗਾ ਤਾਂ ਵੀ ਉਨ੍ਹਾਂ ਨੇ ਪ੍ਰਭੂ ਅੱਗੇ ਇਹੀ ਅਰਦਾਸ ਕੀਤੀ ਕਿ ਹੇ ਪ੍ਰਭੂ! ਇਨ੍ਹਾਂ ਨੂੰ ਮਾਫ਼ ਕਰ ਦੇਣਾ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ। ਆਓ ਅਸੀਂ ਵੀ ਮਾਫ਼ੀ ਵਰਗੇ ਮਹਾਨ ਗੁਣ ਨੂੰ ਅਪਨਾਈਏ।

ਪਿਆਰੇ ਬੱਚਿਓ! ਤੁਹਾਨੂੰ ਕਈ ਵਾਰ ਪਤਾ ਹੀ ਨਹੀਂ ਲੱਗਦਾ ਕਿ ਤੁਸੀਂ ਕਿਸੇ ਦਾ ਨੁਕਸਾਨ ਕਰ ਰਹੇ ਹੋ ਜਾਂ ਵਧੀਕੀ ਕਰ ਰਹੇ ਹੋ, ਉਸ ਵੇਲੇ ਮਾਫ਼ੀ ਦਾ ਭਾਵ ਸਾਨੂੰ ਵੈਰ ਵਿਰੋਧ ਤੋਂ ਬਚਾ ਲੈਂਦਾ ਹੈ। ਤੁਸੀਂ ਨਵੀਆਂ ਆਸਾਂ ਅਤੇ ਉਮੰਗਾਂ ਨਾਲ ਭਰਪੂਰ ਭਾਵਨਾਵਾਂ ਨੂੰ ਅਪਨਾ ਕੇ ਰੱਖਣਾ ਹੈ ਕਿਸੇ ਵੀ ਹਾਲਤ ਵਿੱਚ ਮਾਫ਼ ਕਰਨ ਦਾ ਗੁਣ ਨਹੀਂ ਛੱਡਣਾ, ਇਸ ਦੇ ਨਾਲ-ਨਾਲ ਖੂਬ ਪੜ੍ਹਾਈ ਕਰਕੇ ਚੰਗੇ ਨੰਬਰ ਲੈ ਕੇ ਅੱਗੇ ਹੀ ਅੱਗੇ ਵਧਦੇ ਜਾਣਾ ਹੈ।

✍ – ਐਸ. ਐਸ. ਰੰਧਾਵਾ



# ਰੰਗ-ਬਿਰੰਗੀ ਧਰਤੀ

- ਡਾ. ਪਰਸ਼ੂਰਾਮ

ਰੰਗ-ਬਿਰੰਗੀ ਧਰਤੀ ਬੱਚਿਉ,
ਰੰਗ-ਬਿਰੰਗੀ ਧਰਤੀ।

ਵੇਖੋ ਬੱਚਿਉ ਇਸ ਧਰਤੀ ਤੇ,
ਰੁੱਖ ਹਰੇ ਲਹਿਰਾਉਂਦੇ।
ਇਸ ਤੇ ਬੈਠੇ ਪੰਛੀ,
ਮਿੱਠੇ-ਮਿੱਠੇ ਰਾਗ ਸੁਣਾਉਂਦੇ।
ਇਹਨਾਂ ਦੇ ਹੇਠਾਂ ਰੋਜ਼ ਸਵੇਰੇ,
ਛੋਟੀ ਹਿਰਣੀ ਚਰਦੀ।
ਰੰਗ-ਬਿਰੰਗੀ ਧਰਤੀ ਬੱਚਿਉ,
ਰੰਗ-ਬਿਰੰਗੀ ਧਰਤੀ।

ਜੰਗਲ ਦਾ ਧਰਤੀ ਨਾਲ ਬੱਚਿਉ,
ਬੜਾ ਪੁਰਾਣਾ ਨਾਤਾ।
ਬਾਘ, ਸ਼ੇਰ, ਗੈਂਡੇ ਹਾਥੀ ਨੂੰ,
ਸਾਰਾ ਜੰਗਲ ਭਾਉਂਦਾ।
ਪਾਣੀ ਅਤੇ ਹਵਾ ਜੰਗਲ ਦੀ,
ਸਭ ਦੀ ਪੀੜਾ ਹਰਦੀ।
ਰੰਗ-ਬਿਰੰਗੀ ਧਰਤੀ ਬੱਚਿਉ,
ਰੰਗ-ਬਿਰੰਗੀ ਧਰਤੀ।

ਉਚੇ-ਉਚੇ ਪਰਬਤ ਨਦੀਆਂ,
ਸਭ ਦੀ ਗੱਲ ਨਿਰਾਲੀ।
ਇਹਨਾਂ ਦੀ ਸ਼ਾਨ ਵਧਾ ਦਿੰਦੀ ਹੈ,
ਜੰਗਲ ਦੀ ਹਰਿਆਲੀ।
ਬੁੱਢੀ ਨਾਨੀ ਇਸ ਜੰਗਲ ਦੀ,
ਹਰਦਮ ਰੱਖਿਆ ਕਰਦੀ।
ਰੰਗ-ਬਿਰੰਗੀ ਧਰਤੀ ਬੱਚਿਉ,
ਰੰਗ-ਬਿਰੰਗੀ ਧਰਤੀ।

ਹਰੇ-ਭਰੇ ਲਹਿਰਾਉਣ ਵਾਲੇ,
ਜੰਗਲਾਂ ਨੂੰ ਨਾ ਵੱਡੋ।
ਮਾਰ ਕੇ ਜੰਗਲੀ ਜੀਵਾਂ ਨੂੰ ਤੁਸੀਂ,
ਮੌਤ ਨਾ ਸਭ ਨੂੰ ਵੰਡੋ।
ਜੀਵ, ਜੰਗਲਾਂ ਦੇ ਮਿਟਦੇ ਹੀ,
ਸਾਰੀ ਦੁਨੀਆ ਮਰਦੀ।
ਰੰਗ-ਬਿਰੰਗੀ ਧਰਤੀ ਬੱਚਿਉ,
ਰੰਗ-ਬਿਰੰਗੀ ਧਰਤੀ।



# ਖੁੱਦਦਾਰ ਬਾਲਕ

– ਅਮਰਜੀਤ ਅਮਰ




ਘਟਨਾ 1910 ਈਸਵੀ ਦੀ ਹੈ। ਸੁਆਮੀ ਸਤਯਦੇਵ ਸੀਏਟਲ ਨਗਰ ਵਿੱਚ ਰਹਿ ਰਹੇ ਸਨ। ਉਸ ਵਕਤ ਦੀ ਘਟਨਾ ਹੈ ਕਿ ਇੱਕ ਵਾਰ ਉਹ ਪੋਸਟ ਆਫਿਸ ਤੋਂ ਆਪਣੀ ਡਾਕ ਲੈ ਕੇ ਵਾਪਿਸ ਆ ਰਹੇ ਸਨ। ਰਾਹ ਵਿੱਚ ਉਹਨਾਂ ਨੇ ਵੇਖਿਆ ਕਿ ਇੱਕ ਦਸ-ਬਾਰਾਂ ਵਰ੍ਹਿਆਂ ਦਾ ਬਾਲਕ ਅਖਬਾਰ ਵੇਚ ਰਿਹਾ ਹੈ। ਉਸ ਬਾਲਕ ਨੇ ਉਹਨਾਂ ਨੂੰ ਵੀ ਅਖਬਾਰ ਖ਼੍ਰੀਦਣ ਦੀ ਬੇਨਤੀ ਕੀਤੀ।

ਸਵਾਮੀ ਸਤਯਦੇਵ ਨੇ ਕਿਹਾ, ''ਮੈਨੂੰ ਅਖਬਾਰ ਨਹੀਂ ਚਾਹੀਦੀ।''

ਤਦ ਉਸ ਲੜਕੇ ਨੇ ਆਪਣੀ ਮਿੱਠੀ ਆਵਾਜ਼ ਵਿੱਚ ਕਿਹਾ, ''ਕੇਵਲ ਇੱਕ ਸੇਂਟ, ਜ਼ਿਆਦਾ ਨਹੀਂ।''

ਇਸ ਤੇ ਸਤਯਦੇਵ ਨੇ ਕਿਹਾ ਕਿ ਨਹੀਂ ਮੈਨੂੰ ਅਖਬਾਰ ਦੀ ਲੋੜ ਨਹੀਂ ਹੈ।

'ਕ੍ਰਿਪਾ ਕਰਕੇ ਜ਼ਰੂਰ ਖ਼੍ਰੀਦੋ, ਇੱਕ ਸੇਂਟ ਕੋਈ ਵੱਡੀ ਰਕਮ ਨਹੀਂ ਹੈ।'' ਉਸ ਭੋਲੇ ਬਾਲਕ ਦੀ ਬੇਨਤੀ ਨੂੰ ਉਹ ਟਾਲ ਨਹੀਂ ਸਕੇ ਅਤੇ ਜੇਬ ਵਿੱਚੋਂ ਸੇਂਟ ਦਾ ਸਿੱਕਾ ਕੱਢ ਕੇ ਉਸ ਬਾਲਕ ਤੋਂ ਅਖਬਾਰ ਖ਼੍ਰੀਦ ਲਈ। ਲੇਕਿਨ ਉਹਨਾਂ ਤੋਂ ਰਿਹਾ ਨਹੀਂ ਗਿਆ ਅਤੇ ਉਹਨਾਂ ਨੇ ਉਸ ਬਾਲਕ ਨੂੰ ਪੁੱਛਿਆ, 'ਕੀ ਤੇਰੇ ਮਾਤਾ-ਪਿਤਾ ਗਰੀਬ ਹਨ?''

ਇਹ ਸੁਣ ਕੇ ਉਹ ਬਾਲਕ ਬੜਾ ਹੈਰਾਨ ਹੋਇਆ ਅਤੇ ਉਸ ਨੇ ਕਿਹਾ ਕਿ ਉਹਨਾਂ ਨੇ ਇਹ ਕਿਉਂ ਪੁੱਛਿਆ?

ਸਵਾਮੀ ਸਤਯਦੇਵ ਨੇ ਕਿਹਾ ਕਿਉਂਕਿ ਤੂੰ ਐਨੀ ਛੋਟੀ ਉਮਰ ਵਿੱਚ ਅਖਬਾਰ ਵੇਚ ਰਿਹਾ ਹੈ?

ਇਹ ਸੁਣਦੇ ਹੀ ਉਸ ਬਾਲਕ ਨੇ ਉਹਨਾਂ ਤੋਂ ਪੁੱਛਿਆ, 'ਕੀ ਅਖਬਾਰ ਵੇਚਣ ਵਾਲੇ ਗਰੀਬ ਹੁੰਦੇ ਹਨ?

ਉਹਨਾਂ ਨੇ ਹੱਸ ਕੇ ਕਿਹਾ, ''ਨਹੀਂ ਮੇਰਾ ਮਤਲਬ ਇਹ ਨਹੀਂ ਸੀ ਲੇਕਿਨ ਤੂੰ ਐਨੀ ਛੋਟੀ ਉਮਰ ਵਿੱਚ ਹੁਣ ਤੋਂ ਅਖਬਾਰ ਵੇਚਣ ਲੱਗ ਗਿਆ ਹੈ।

ਇਹ ਸੁਣ ਕੇ ਉਸ ਬਾਲਕ ਨੇ ਉਹਨਾਂ ਵੱਲ ਬੜੀ ਹੈਰਾਨੀ ਨਾਲ ਵੇਖਿਆ ਅਤੇ ਫਿਰ ਬੜੇ ਜੋਸ਼ ਨਾਲ ਬੋਲਿਆ, ''ਵੇਖੋ ਮਿਸਟਰ ਮੇਰੇ ਮਾਤਾ-ਪਿਤਾ ਗਰੀਬ ਨਹੀਂ ਹਨ। ਲੇਕਿਨ ਮੈਂ ਆਪਣੇ ਪਿਤਾ ਦੇ ਸਹਾਰੇ ਨਹੀਂ ਰਹਿਣਾ ਚਾਹੁੰਦਾ। ਇਹ ਜੋ ਕੱਪੜੇ ਮੈਂ ਪਾਏ ਹਨ, ਮੇਰੇ ਖੁਦ ਦੇ ਖ਼੍ਰੀਦੇ ਹੋਏ ਹਨ, ਅਤੇ ਜੋ ਖਰਚਾ ਮੈਨੂੰ ਚਾਹੀਦਾ ਹੁੰਦਾ ਹੈ ਮੈਂ ਖੁਦ ਮਿਹਨਤ ਨਾਲ ਕਮਾਉਂਦਾ ਹਾਂ। ਮੇਰੇ ਕੋਲ ਪੰਜਾਹ ਡਾਲਰ ਬੈਂਕ ਵਿੱਚ ਵੀ ਹਨ। ਉਸ ਖੁੱਦਦਾਰ ਬਾਲਕ ਦੀ ਇਹ ਮਾਣਭਰੀ ਆਤਮਵਿਸ਼ਵਾਸ ਪੂਰਣ ਗੱਲ ਸੁਣ ਕੇ ਉਹ ਹੈਰਾਨ ਰਹਿ ਗਏ ਅਤੇ ਆਪਣੇ ਮਨ ਵਿੱਚ ਭਾਰਤ ਦੇ ਬਾਲਕਾਂ ਦੀ ਤੁਲਨਾ ਕਰਕੇ ਚਿੰਤਾਸ਼ੀਲ ਹੋ ਗਏ। ਇੱਕਦਮ ਉਹਨਾਂ ਦੇ ਮੂੰਹ ਤੋਂ ਨਿਕਲਿਆ, ''ਧੰਨ ਹੈ, ਇਹ ਖੁੱਦਦਾਰ ਬਾਲਕ, ਖੁੱਦਦਾਰੀ ਦਾ ਪੁਜਾਰੀ'' ਅਤੇ ਉਹ ਆਪਣੀ ਰਾਹ ਚੱਲ ਪਏ। ▪

# ਮਾਨਵ ਦੀ ਕਹਾਣੀ

– ਸ਼ਿਵਚਰਣ

ਇੱਕ ਸੀ ਛੋਟਾ ਜਿਹਾ ਬਾਂਦਰ। ਜਿਸ ਦਾ ਨਾਮ ਸੀ ਬੰਟੀ। ਬੰਟੀ ਬੜਾ ਸ਼ਰਾਰਤੀ ਅਤੇ ਚੰਚਲ ਸੀ। ਚੁੱਪਚਾਪ ਇੱਕ ਥਾਂ ਤੇ ਬੈਠੇ ਰਹਿਣਾ ਬੰਟੀ ਨੂੰ ਚੰਗਾ ਨਹੀਂ ਲੱਗਦਾ ਸੀ। ਬੰਟੀ ਨੂੰ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਉਛਲਣਾ-ਕੁੱਦਣਾ ਚੰਗਾ ਲੱਗਦਾ ਸੀ।

ਸਰਦੀ ਦਾ ਮੌਸਮ ਸੀ। ਦੁਪਹਿਰ ਦਾ ਸਮਾਂ ਸੀ। ਬੰਟੀ ਪਿੰਡ ਦੇ ਇੱਕ ਰੁੱਖ ਤੇ ਬੈਠਾ ਆਪਣਾ ਸਰੀਰ ਖੁਰਕ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਰੁੱਖ ਦੀਆਂ ਜੜ੍ਹਾਂ ਤੇ ਪਈ। ਉਸ ਨੂੰ ਰੁੱਖ ਦੇ ਹੇਠਾਂ ਕੀੜੀਆਂ ਦੀ ਇੱਕ ਲਾਇਨ ਦਿਖਾਈ ਦਿੱਤੀ। ਉਸ ਨੇ ਧਿਆਨ ਨਾਲ ਵੇਖਿਆ ਕੀੜੀਆਂ ਬੜੀਆਂ ਹੀ ਅਨੁਸਾਸ਼ਿਤ ਹੋ ਕੇ ਇੱਕ ਲਾਇਨ ਵਿੱਚ ਚਲ ਰਹੀਆਂ ਹਨ ਅਤੇ ਹਰੇਕ ਕੀੜੀ ਦੇ ਮੂੰਹ ਵਿੱਚ ਕੁੱਝ ਦੱਬਿਆ ਹੋਇਆ ਹੈ। ਕੀੜੀਆਂ ਹੌਲੀ-ਹੌਲੀ ਇੱਕ ਦੂਸਰੇ ਦੇ ਪਿੱਛੇ ਇੱਕ ਵਿਸ਼ੇਸ਼ ਦਿਸ਼ਾ ਵਿੱਚ ਹੀ ਜਾ ਰਹੀਆਂ ਸਨ।

ਬੰਟੀ ਕੀੜੀਆਂ ਦਾ ਇਹ ਨਜ਼ਾਰਾ ਵੇਖ ਕੇ ਹੈਰਾਨ ਰਹਿ ਗਿਆ। ਆਪਣੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਉਹ ਹੇਠਾਂ ਉਤਰਿਆ ਅਤੇ ਜਾ ਪਹੁੰਚਾ ਕੀੜੀਆਂ ਦੀ ਲਾਇਨ ਦੇ ਕੋਲ। ਉਥੇ ਪਹੁੰਚ ਕੇ ਉਸ ਨੇ ਅੱਗੇ ਵੱਧ ਰਹੀ ਇੱਕ ਕੀੜੀ ਤੋਂ ਪੁੱਛਿਆ- ਭੈਣ, ਤੂੰ ਆਪਣੇ ਮੂੰਹ ਵਿੱਚ ਕੀ ਦਬਾ ਰੱਖਿਆ ਹੈ ਅਤੇ ਤੁਸੀਂ ਕਿਥੇ ਜਾ ਰਹੀਆਂ ਹੋ।

ਕੀੜੀ ਲਾਇਨ ਵਿੱਚੋਂ ਨਿਕਲ ਕੇ ਇੱਕ ਪਾਸੇ ਹੋਈ ਅਤੇ ਸਹਿਜਤਾ ਨਾਲ ਬੋਲੀ- ਬਾਂਦਰ ਭਾਈ,





ਸਾਡੇ ਮੂੰਹ ਵਿੱਚ ਖਾਣਾ ਹੈ ਅਤੇ ਅਸੀਂ ਆਪਣੀ ਖੁੱਡ ਵਿੱਚ ਜਾ ਰਹੀਆਂ ਹਾਂ।

– ਤੁਸੀਂ ਭੋਜਨ ਨੂੰ ਖੁੱਡ ਵਿੱਚ ਕਿਉਂ ਲਿਜਾਂਦੀਆਂ ਹੋ?

– ਉਥੇ ਸਾਡੇ ਬੱਚੇ, ਰਾਣੀ ਕੀੜੀ ਅਤੇ ਕਈ ਹੋਰ ਕੀੜੀਆਂ ਰਹਿੰਦੀਆਂ ਹਨ। ਉਹਨਾਂ ਦਾ ਖਾਣਾ ਅਸੀਂ ਹੀ ਲੈ ਕੇ ਜਾਂਦੀਆਂ ਹਾਂ। ਇਸ ਦੇ ਇਲਾਵਾ ਅਸੀਂ, ਬਰਸਾਤ, ਤੂਫਾਨ, ਕੁਦਰਤੀ ਆਫ਼ਤ ਅਤੇ ਹੋਰ ਮੁਸੀਬਤਾਂ ਦੇ ਵਕਤ ਲਈ ਵੀ ਕੁੱਝ ਭੋਜਨ ਸੁਰੱਖਿਅਤ ਰੱਖਦੀਆਂ ਹਾਂ।

– ਆਪ ਇੱਕ ਹੀ ਲਾਇਨ ਵਿੱਚ ਬੜੀਆਂ ਅਨੁਸ਼ਾਸਿਤ ਹੋ ਕੇ ਕਿਵੇਂ ਚੱਲ ਲੈਂਦੀਆਂ ਹੋ?

– ਸਾਡੇ ਸਰੀਰ ਵਿੱਚੋਂ ਇੱਕ ਖਾਸ ਪ੍ਰਕਾਰ ਦੀ ਗੰਧ ਨਿਕਲਦੀ ਹੈ। ਇਸੇ ਕਾਰਣ ਅਸੀਂ ਇੱਕ ਹੀ ਲਾਇਨ ਵਿੱਚ ਬੜੀਆਂ ਅਨੁਸਾਸ਼ਿਤ ਹੋ ਕੇ ਚੱਲਦੀਆਂ ਹਾਂ। –ਐਨਾ ਕਹਿ ਕੇ ਕੀੜੀਆਂ ਅੱਗੇ ਵਧ ਗਈਆਂ ਅਤੇ ਬੰਟੀ ਵੀ ਹੁਣ ਦੂਸਰੇ ਰੁੱਖ ਦੀ ਟਹਿਣੀ ਤੇ ਬੈਠ ਕੇ ਸੁਸਤਾਉਣ ਲੱਗਾ। ਰੁੱਖ ਤੇ ਬੈਠੇ-ਬੈਠੇ ਬੰਟੀ ਦੀ ਨਜ਼ਰ ਇੱਕ ਗਿਲਹਰੀ ਤੇ ਪਈ। ਬੰਟੀ ਨੇ ਵੇਖਿਆ ਕਿ ਗਿਲਹਰੀ ਦੇ ਮੂੰਹ ਵਿੱਚ ਮੂੰਗਫਲੀ ਦਾ ਦਾਣਾ ਹੈ ਅਤੇ ਉਹ ਕਿਸੇ ਖਾਸ ਸਥਾਨ ਵੱਲ ਤੇਜ਼ੀ ਨਾਲ ਵੱਧ ਰਹੀ ਹੈ। ਬੰਟੀ ਰੁੱਖ ਤੋਂ ਹੇਠਾਂ ਉਤਰਿਆ ਅਤੇ ਗਿਲਹਿਰੀ ਦੇ ਕੋਲ ਜਾ ਪਹੁੰਚਾ। ਉਸ ਨੇ ਗਿਲਹਰੀ ਨੂੰ ਰੋਕਿਆ ਅਤੇ ਪੁੱਛਿਆ – ਦੀਦੀ ਆਪ ਆਪਣੇ ਮੂੰਹ ਵਿੱਚ ਇਹ ਦਾਣਾ ਦਬਾ ਕੇ ਕਿਥੇ ਜਾ ਰਹੀ ਹੋ?

– ਮੈਂ ਇਹ ਦਾਣਾ ਲੈ ਕੇ ਆਪਣੀ ਖੋਲ ਵਿੱਚ ਜਾ ਰਹੀ ਹਾਂ।





– ਕਿਉਂ? ਬੰਟੀ ਨੇ ਹੈਰਾਨੀ ਨਾਲ ਅਗਲਾ ਸਵਾਲ ਕੀਤਾ।

– ਖੋਲ ਵਿੱਚ ਮੇਰੇ ਛੋਟੇ-ਛੋਟੇ ਪਿਆਰੇ ਬੱਚੇ ਹਨ। ਉਹਨਾਂ ਨੂੰ ਖੁਵਾਉਣ ਲਈ ਮੈਂ ਮੂੰਗਫਲੀ ਦੇ ਦਾਣੇ ਖੋਲ ਵਿੱਚ ਇੱਕਠੇ ਕਰਦੀ ਹਾਂ। ਇਸ ਦੇ ਇਲਾਵਾ ਮੁਸੀਬਤ ਦੇ ਵੇਲੇ ਜਿਵੇਂ ਬਰਸਾਤ ਆਉਣਾ, ਬੀਮਾਰ ਹੋਣ ਦੇ ਕਾਰਣ ਜਦ ਮੈਂ ਬਾਹਰ ਨਹੀਂ ਜਾ ਸਕਦੀ ਹਾਂ, ਉਸ ਸਮੇਂ ਲਈ ਮੈਂ ਖਾਣੇ ਦੀਆਂ ਚੀਜ਼ਾਂ ਅਤੇ ਹੋਰ ਚੀਜ਼ਾਂ ਇੱਕਠੀਆਂ ਕਰਕੇ ਰੱਖਦੀ ਹਾਂ।

ਬੰਟੀ ਕੋਈ ਹੋਰ ਸਵਾਲ ਕਰਦਾ ਉਸ ਤੋਂ ਪਹਿਲਾਂ ਗਿਲਹਿਰੀ ਆਪਣੀ ਖੋਲ ਵੱਲ ਵਧ ਗਈ ਅਤੇ ਬੰਟੀ ਮੂੰਹ ਲਟਕਾ ਕੇ ਫਿਰ ਰੁੱਖ ਦੀ ਟਹਿਣੀ ਤੇ ਜਾ ਕੇ ਬੈਠ ਗਿਆ।

ਟਹਿਣੀ ਤੇ ਬੈਠੇ-ਬੈਠੇ ਬੰਟੀ ਦੀ ਨਜ਼ਰ ਸਾਹਮਣੇ ਫੁੱਲਾਂ ਨਾਲ ਲੱਧੇ ਪੌਦਿਆਂ ਤੇ ਜਾ ਪਈ। ਉਸ ਨੇ ਫੁੱਲਾਂ ਤੇ ਮੰਡਰਾਉਂਦੀ ਇੱਕ ਮੱਧੂਮੱਖੀ ਵੇਖੀ। ਉਹ ਤੁਰੰਤ ਪੌਦੇ ਦੇ ਨੇੜੇ ਪਹੁੰਚਿਆ ਅਤੇ ਬੋਲਿਆ– ਓ ਮੱਧੂਮੱਖੀ ਭੈਣ! ਆਪ ਇਹਨਾਂ ਫੁੱਲਾਂ ਤੇ ਵਾਰ-ਵਾਰ ਕਿਉਂ ਬੈਠ ਰਹੀ ਹੋ? ਆਪ ਵਾਰ-ਵਾਰ ਇਹਨਾਂ ਨੂੰ ਸੁੰਘ ਕੇ ਕਿਥੇ ਜਾਂਦੀ ਹੋ? ਇਸ ਤਰ੍ਹਾਂ ਆਪ ਇਹਨਾਂ ਫੁੱਲਾਂ ਨੂੰ ਕਿਉਂ ਬਰਬਾਦ ਕਰ ਰਹੀ ਹੋ?

– ਫੁੱਲਾਂ ਨੂੰ ਨੁਕਸਾਨ ਪਹੁੰਚਾਏ ਬਿਨਾ ਮੈਂ ਇਹਨਾਂ ਤੋਂ ਮਿੱਠਾ ਰਸ ਚੂਸਦੀ ਹਾਂ ਜਿਸ ਨੂੰ ਮੈਂ ਆਪਣੇ ਛੱਤੇ (ਘਰ) ਵਿੱਚ ਇੱਕਠਾ ਕਰਦੀ ਹਾਂ ਅਤੇ ਸ਼ਹਿਦ ਬਣਾਉਂਦੀ ਹਾਂ।

– ਅੱਛਾ! ਤਾਂ ਤੂੰ ਵੀ ਕੀੜੀਆਂ, ਗਿਲਹਿਰੀ ਦੀ ਤਰ੍ਹਾਂ ਭੋਜਨ ਇੱਕਠਾ ਕਰਦੀ ਹੋ?

– ਹਾਂ, ਤੂੰ ਠੀਕ ਕਿਹਾ। ਮੈਂ ਵੀ ਕੀੜੀ, ਗਿਲਹਿਰੀ ਆਦਿ ਕੁੱਝ ਪ੍ਰਾਣੀਆਂ ਦੀ ਤਰ੍ਹਾਂ ਭੋਜਨ ਇੱਕਠਾ ਕਰਕੇ ਰੱਖਦੀ ਹਾਂ ਤਾਂਕਿ ਮੁਸ਼ਕਿਲ ਵਕਤ (ਮੁਸੀਬਤ ਦੇ ਸਮੇਂ) ਵਿੱਚ ਬੱਚਿਆਂ ਅਤੇ ਮੈਨੂੰ ਭੁੱਖ ਨਾ ਸਹਿਣ ਕਰਨੀ ਪਵੇ। -ਮਧੂ ਭੈਣ ਐਨਾ ਕਹਿ ਕੇ ਬੰਟੀ ਨੂੰ ਸ਼ਹਿਦ ਖਾਣ ਦਾ ਸੱਦਾ ਦੇ ਕੇ ਆਪਣੇ ਛੱਤੇ ਵੱਲ ਚਲੀ ਗਈ। ਬੰਟੀ ਵੇਖਦਾ ਹੀ ਰਹਿ ਗਿਆ।

ਸ਼ਾਮ ਹੋਈ, ਬੰਟੀ ਆਪਣੀ ਮਾਂ ਕੋਲ ਆਇਆ। ਮਾਂ ਬੋਹੜ ਦੀ ਇੱਕ ਟਹਿਣੀ ਤੇ ਬੈਠੀ ਸੁਸਤਾ ਰਹੀ ਸੀ। ਮਾਂ ਨੇ ਬੰਟੀ ਨਾਲ ਕਈ ਗੱਲਾਂ ਕੀਤੀਆਂ ਤਾਂ ਬੰਟੀ ਨੇ ਮਾਂ ਨੂੰ ਸਵਾਲ ਕੀਤਾ– ਮਾਂ ਕੀੜੀ, ਵਰਗੇ ਛੋਟੇ ਜਿਹੇ ਪ੍ਰਾਣੀਆਂ ਦਾ ਵੀ ਘਰ ਹੁੰਦਾ ਹੈ, ਜਿਸ ਨੂੰ ਖੁੱਡ ਕਹਿੰਦੇ ਹਨ। ਇਸੇ ਤਰ੍ਹਾਂ ਗਿਲਹਿਰੀ ਆਦਿ ਦੀਆਂ ਵੀ ਖੋਲਾਂ ਹੁੰਦੀਆਂ ਹਨ। ਸਾਡੇ ਲੋਕਾਂ ਕੋਲ ਚੀਜ਼ਾਂ ਇੱਕਠੀਆਂ ਕਰਨ, ਬੁਰੇ ਸਮੇਂ ਤੋਂ ਬਚਣ ਲਈ ਘਰ ਕਿਉਂ ਨਹੀਂ ਹੁੰਦਾ ਹੈ?

ਬੰਟੀ ਦੀ ਗੱਲ ਸੁਣ ਕੇ ਮਾਂ ਨੇ ਹੱਸਦੇ ਹੋਏ ਕਿਹਾ – ਘਰ! ਇੱਕਠਾ ਕਰਨਾ, ਆਫਤ ਦੇ ਲਈ ਘਰ! ਸਾਡੇ ਲਈ ਤਾਂ ਬਸ ਰੁੱਖਾਂ ਦੀਆਂ ਟਹਿਣੀਆਂ ਹੀ ਘਰ ਹਨ। ਅਸੀਂ ਤਾਂ ਇਹਨਾਂ ਤੇ ਹੀ ਰਹਿੰਦੇ ਆਏ ਹਾਂ, ਅਤੇ ਰਹਿੰਦੇ ਰਹਾਂਗੇ। ਪਰ ਮੈਂ ਸੁਣਿਆ ਹੈ ਜਿਸ ਬਾਂਦਰ ਪ੍ਰਜਾਤੀ ਨੇ ਪੰਛੀਆਂ, ਕੀਟ-ਪਤੰਗਿਆਂ ਦੀ ਤਰ੍ਹਾਂ ਘਰ ਬਣਾਉਣੇ ਸਿੱਖ ਲਏ ਉਹ ਮਾਨਵ ਬਣ ਗਏ। – ਐਨਾ ਕਹਿ ਕੇ ਮਾਂ ਉਛਲ ਕੇ ਦੂਸਰੀ ਟਹਿਣੀ ਤੇ ਜਾ ਬੈਠੀ। ■

# ਲੇਜ਼ਰ ਕਿਰਣਾਂ

– ਕੈਲਾਸ਼ ਜੈਨ

ਵਿਗਿਆਨ ਦੀਆਂ ਅਨੇਕਾਂ ਕਾਢਾਂ ਵਿੱਚੋਂ 'ਲੇਜ਼ਰ' ਦੀ ਕਾਢ ਵੀਹਵੀਂ ਸਦੀ ਦੀ ਇੱਕ ਬਹੁਤ ਹੀ ਮਹੱਤਵਪੂਰਣ ਪ੍ਰਾਪਤੀ ਹੈ। ਲੇਜ਼ਰ ਦੀ ਉਪਯੋਗਤਾ ਸੀਮਾਵਾਂ ਤੋਂ ਪਰ੍ਹੇ ਹੈ। ਵਿਗਿਆਨ ਦੀਆਂ ਹੋਰ ਕਾਢਾਂ ਦੀ ਤਰ੍ਹਾਂ ਜਿਥੇ ਇਹ ਮੈਡੀਕਲ ਅਤੇ ਇੰਜੀਨੀਰਿੰਗ ਦੇ ਖੇਤਰ ਵਿੱਚ ਇੱਕ ਚਮਤਕਾਰ ਸਾਬਿਤ ਹੋਈ ਹੈ, ਉਥੇ ਇਸ ਦੇ ਵਿਨਾਸ਼ਕਾਰੀ ਇਸਤੇਮਾਲ ਦਾ ਸ਼ੱਕ ਵੀ ਬਹੁਤ ਹੀ ਵਿਆਪਕ ਹੈ। ਅਸਲ ਵਿੱਚ ਇਹ ਬਹੁਤ ਹੀ ਸੰਭਾਵਨਾਵਾਂ ਨਾਲ ਭਰੀ ਕਾਢ ਹੈ।

ਇਸਪਾਤ ਦੀਆਂ ਭਾਰੀ-ਭਰਕਮ ਚਾਦਰਾਂ ਨੂੰ ਪਲਭਲ ਵਿੱਚ ਛੇਕਣ ਵਾਲੀ ਲੇਜ਼ਰ ਮਨੁੱਖ ਦੀ ਅੱਖ ਵਰਗੇ ਕੋਮਲ ਜਿਹੇ ਅੰਗ ਦੀ ਸਰਜਰੀ ਵੀ ਉਸੇ ਕੁਸ਼ਲਤਾ ਨਾਲ ਕਰਨ ਵਿੱਚ ਸਮਰੱਥ ਹੈ।

'ਲੇਜ਼ਰ' ਨਾਮ ਅੰਗ੍ਰੇਜ਼ੀ ਦੇ 'ਐਲ.ਏ.ਐਸ.ਈ.ਆਰ. ਅੱਖਰਾਂ ਨਾਲ ਬਣਿਆ ਹੈ, ਜਿਸ ਦਾ ਪੂਰਣ ਰੂਪ ਹੈ ਲਾਇਟ ਐਮਪਲੀਫੀਕੇਸ਼ਨ ਬਾਈ ਸਿਟੁਮਲੇਟੇਡ ਏਮਿਸ਼ਨ ਆਫ ਰੇਡਿਏਸ਼ਨ'। ਇਸ ਦੀ ਸਭ ਤੋਂ ਪਹਿਲੀ ਕਾਢ ਦਾ ਕ੍ਰੈਡਿਟ ਅਮਰੀਕੀ ਵਿਗਿਆਨਕ ਟੀ.ਐਚ. ਮਾਈਮਨ ਨੂੰ ਜਾਂਦਾ ਹੈ, ਜਿਹਨਾਂ ਨੇ 1917 ਵਿੱਚ ਵਿਗਿਆਨਕ ਆਈਨਸਟਾਈਨ ਦੇ ਰਾਹੀਂ ਪ੍ਰਸਤਾਵਿਤ ਸਿਧਾਂਤ ਨੂੰ ਆਧਾਰ ਬਣਾ ਕੇ ਇਹ ਅਜੂਬਾ ਕਰ ਵਿਖਾਇਆ।

ਲੇਜ਼ਰ ਪ੍ਰਕਾਸ਼ ਦਾ ਹੀ ਇੱਕ ਰੂਪ ਹੈ, ਪ੍ਰੰਤੂ ਜਿਥੇ ਸਾਧਾਰਣ ਪ੍ਰਕਾਸ਼ ਦਾ ਨਿਰਮਾਣ ਸੱਤ ਰੰਗਾਂ ਦੇ ਮਿਸ਼ਰਣ ਨਾਲ ਹੁੰਦਾ ਹੈ ਉਥੇ ਲੇਜ਼ਰ ਕਿਰਣਾਂ ਵਿੱਚ ਕੇਵਲ ਇੱਕ ਰੰਗ ਹੁੰਦਾ ਹੈ। ਸਾਧਾਰਣ ਪ੍ਰਕਾਸ਼ ਦੀ ਪ੍ਰਕ੍ਰਿਤੀ ਚਾਰੇ ਪਾਸੇ ਫੈਲਣ ਦੀ ਹੁੰਦੀ ਹੈ, ਜਦਕਿ ਲੇਜ਼ਰ ਇੱਕ ਹੀ ਦਿਸ਼ਾ ਵਿੱਚ ਚਲਦੀ ਹੈ ਅਤੇ ਇਸ ਦੀ ਸਾਰੀ ਸ਼ਕਤੀ ਇੱਕ ਪਤਲੀ ਧਾਰ ਵਿੱਚ ਇੱਕਠੀ ਹੋ ਕੇ ਜਾਂਦੀ ਹੈ। ਜੇਕਰ ਲੇਜ਼ਰ ਦੇ ਪ੍ਰਕਾਸ਼ ਨੂੰ ਇੱਕ ਸੈਂਟੀਮੀਟਰ ਦੇ ਦਸ ਹਜ਼ਾਰਵੇਂ ਹਿੱਸੇ ਦੇ ਬਰਾਬਰ ਸਥਾਨ ਤੇ ਕੇਂਦਰਿਤ ਕੀਤਾ ਜਾਏ ਤਾਂ ਲੇਜ਼ਰ ਪ੍ਰਕਾਸ਼ ਦੀ ਤੀਬਰਤਾ ਸੂਰਜ ਦੇ ਪ੍ਰਕਾਸ਼ ਦੇ ਲੱਖ ਗੁਣਾਂ ਜ਼ਿਆਦਾ ਹੋ ਜਾਂਦੀ ਹੈ। ਪ੍ਰਿਥਵੀ ਤੋਂ ਤਿੰਨ ਲੱਖ ਚੌਰਾਸੀ ਹਜ਼ਾਰ ਚਾਰ ਸੌ ਕਿਲੋਮੀਟਰ ਦੂਰ ਸਥਿਤ ਚੰਦਰਮਾ ਦੇ ਧਰਾਤਲ ਤੇ ਇੱਕ ਪੈਨੀ ਲੇਜ਼ਰ ਕਿਰਣ ਸਮੂਹ ਨੂੰ ਭੇਜਿਆ ਗਿਆ। ਇਹ ਰਾਹ ਉਸ ਨੇ ਕੇਵਲ ਇੱਕ ਸੈਕਿੰਡ ਵਿੱਚ ਤੈਅ ਕੀਤਾ ਅਤੇ ਇਸ ਕਿਰਣ ਨੇ ਚੰਦਰਮਾ ਦੇ ਲਗਭਗ ਦੋ ਵਰਗ ਮੀਲ ਦੇ ਖੇਤਰ ਨੂੰ ਪ੍ਰਕਾਸ਼ਮਾਨ ਕਰ ਦਿੱਤਾ।

ਸੰਨ 1960 ਵਿੱਚ ਟੀ.ਐਚ. ਮਾਈਮਨ ਨੇ ਬਣਾਉਟੀ ਲਾਲ ਮਣੀ ਨਾਲ ਇੱਕ ਹੱਥ ਵਿੱਚ ਫੜੇ ਜਾ ਸਕਣ ਵਾਲਾ ਪਹਿਲਾ ਲੇਜ਼ਰ ਬਣਾਇਆ। ਉਹ ਰੁਕਮ-ਰੁਕ ਕੇ ਲਾਲ ਪ੍ਰਕਾਸ਼ ਦਿੰਦਾ ਹੈ। ਇਸ ਬਣਾਉਟੀ ਲਾਲ ਮਣੀ ਦੀ ਸੋਟੀ ਦੇ ਦੋਵਾਂ ਸਿਰਿਆਂ ਨੂੰ ਚਮਕਦਾਰ ਦਰਪਣ ਵਰਗੀ ਪਾਲਿਸ਼ ਕਰ ਦਿੱਤੀ ਜਾਂਦੀ ਹੈ, ਜਿਸ ਨਾਲ ਇੱਕ ਸਿਰਾ ਤਾਂ ਦਰਪਣ ਵੱਲ ਪ੍ਰਕਾਸ਼ ਨੂੰ ਪੂਰੀ ਤਰ੍ਹਾਂ ਪਰਾਵਰਤਿਤ ਕਰੇ ਅਤੇ ਦੂਸਰਾ ਸਿਰਾ ਅੰਸ਼ਕ ਰੂਪ ਨਾਲ ਪਾਰਦਰਸ਼ਕ ਰਹੇ। ਇਸ ਮਣੀ ਦੇ ਆਸੇ-ਪਾਸੇ ਇੱਕ ਟਿਊਬ ਲਗਾਈ ਜਾਂਦੀ ਹੈ, ਜਿਸ ਵਿੱਚ ਬਿਜਲੀ-ਵਿਸਰਜਨ ਦੇ ਮਾਧਿਅਮ ਨਾਲ ਪ੍ਰਕਾਸ਼ ਪੈਦਾ ਕੀਤਾ ਜਾਂਦਾ ਹੈ।

ਬਣਾਉਟੀ ਲਾਲ ਮਣੀ ਦੇ ਇਲਾਵਾ ਹੁਣ ਤਕ ਸੌ ਤੋਂ ਵੱਧ ਪਦਾਰਥਾਂ ਵਿੱਚ ਲੇਜ਼ਰ ਪ੍ਰਕਾਸ਼ ਪੈਦਾ ਕਰਨ ਵਿੱਚ ਸਫਲਤਾ ਮਿਲ ਚੁੱਕੀ ਹੈ। ਭਿੰਨ-ਭਿੰਨ ਲੇਜ਼ਰ ਵਿੱਚ ਆਰਗਨ ਲੇਜ਼ਰ, ਰੂਬੀ ਲੇਜ਼ਰ, ਅਮੋਨੀਅਮ ਲੇਜ਼ਰ, ਕਾਰਬਨਡਾਈਆਕਸਾਇਡ ਲੇਜ਼ਰ, ਯੇਗ ਲੇਜ਼ਰ ਆਦਿ ਪ੍ਰਮੁੱਖ ਹਨ। ਲੇਜ਼ਰ



ਜ਼ਿਆਦਾਤਰ ਗੈਸ ਲੇਜ਼ਰ ਰੂਪ ਵਿੱਚ ਹੀ ਹੁੰਦੀ ਹੈ। ਹਿਲਿਅਮ ਅਤੇ ਨਿਯੋਨ ਲੇਜ਼ਰ ਤੋਂ ਸਾਨੂੰ ਲਾਲ ਧਾਰ ਪ੍ਰਾਪਤ ਹੁੰਦੀ ਹੈ। ਹਿਲਿਅਮ ਕੇਡਿਅਮ ਲੇਜ਼ਰ ਨਾਲ ਨੀਲੀ ਅਤੇ ਆਰਗੋਨ ਈਯਨ ਲੇਜ਼ਰ ਨਾਲ ਹਰੀ ਧਾਰ ਪ੍ਰਾਪਤ ਹੁੰਦੀ ਹੈ।

ਇਸ ਖੋਜ ਨੇ ਸਰਜਰੀ ਦੇ ਖੇਤਰ ਵਿੱਚ ਸਚਮੁੱਚ ਚਮਤਕਾਰ ਕਰ ਦਿਖਾਇਆ ਹੈ। ਅੱਖ ਵਰਗੇ ਨਾਜ਼ੁਕ ਅਤੇ ਜਟਿਲ ਅੰਗ ਦੇ ਰੋਗਾਂ ਦੀ ਸਰਜਰੀ ਵਿੱਚ ਲੇਜ਼ਰ ਕਿਰਣਾਂ ਦਾ ਸਫਲਤਾਪੂਰਵਕ ਉਪਯੋਗ ਕੀਤਾ ਜਾਣ ਲੱਗਾ ਹੈ। ਅੱਖ ਦੇ 'ਰੇਟਿਨਾ' ਦੇ ਅਪਰੇਸ਼ਨ ਵਿੱਚ ਲੇਜ਼ਰ ਕਿਰਣਾ ਦੀ ਉਪਯੋਗਤਾ ਨੇ ਸੱਚਮੁੱਚ ਕ੍ਰਾਂਤੀ ਲਿਆ ਦਿੱਤੀ ਹੈ। ਇਹ ਬਹੁਤ ਹੀ ਸੂਖਸ਼ਮ ਅਤੇ ਜੋਖਮ ਭਰਿਆ ਅਪਰੇਸ਼ਨ ਹੁਣ ਬਿਨਾ ਕਿਸੇ ਚੀਰ-ਫਾੜ ਦੇ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਨੱਕ, ਕੰਨ ਦੇ ਅੰਦਰੂਨੀ ਹਿੱਸਿਆਂ ਵਿੱਚ ਜਿਥੇ ਸਰਜਨ ਦਾ ਚਾਕੂ ਨਹੀਂ ਪਹੁੰਚ ਸਕਦਾ, ਹੁਣ ਲੇਜ਼ਰ ਰਾਹੀਂ ਅਪਰੇਸ਼ਨ ਦੀ ਸਹੂਲਤ ਮਿਲ ਗਈ ਹੈ। ਇਸ ਵਿੱਚ ਖ਼ੂਨ ਤਕ ਨਹੀਂ ਨਿਕਲਦਾ ਕਿਉਂਕਿ ਹਰੀਆਂ ਲੇਜ਼ਰ ਕਿਰਣਾਂ ਖ਼ੂਨ ਨੂੰ ਉਪਰ ਹੀ ਜਮਾ ਦਿੰਦੀਆਂ ਹਨ। ਇਸ ਦੇ ਇਲਾਵਾ, ਦਿਮਾਗ ਅਤੇ ਰੀੜ ਦੀ ਹੱਡੀ ਦੇ ਅਪਰੇਸ਼ਨ, ਆਂਤੜੀਆਂ ਦੀ ਸਰਜਰੀ, ਪਲਾਸਟਿਕ ਸਰਜਰੀ, ਕੈਂਸਰ ਆਦਿ ਬੀਮਾਰੀਆਂ ਦੇ ਇਲਾਜ ਵਿੱਚ ਲੇਜ਼ਰ ਦਾ ਇਸਤੇਮਾਲ ਹੋ ਰਿਹਾ ਹੈ। ਕਿਡਨੀ-ਸਟੋਨ ਨੂੰ ਬਿਨਾ ਅਪਰੇਸ਼ਨ ਦੇ ਲੇਜ਼ਰ ਕਿਰਣਾਂ ਨਾਲ ਗਲਾ ਦਿੱਤਾ ਜਾਂਦਾ ਹੈ। ਲੇਜ਼ਰ ਕਿਰਣਾਂ ਤੇ ਅਧਾਰਿਤ ਇੱਕ ਅਜਿਹੀ ਸੋਟੀ ਬਣਾਈ ਗਈ ਹੈ ਜੋ ਨੇਤਰਹੀਣ ਵਿਅਕਤੀਆਂ ਨੂੰ ਰਾਹ ਦੱਸਦੀ ਹੈ ਅਤੇ ਉਹਨਾਂ ਦਾ ਮਾਰਗ ਦਰਸ਼ਨ ਕਰਦੀ ਹੈ।

ਲੇਜ਼ਰ ਦਾ ਇਸਤੇਮਾਲ ਸੰਚਾਰ ਸਾਧਨਾਂ ਵਿੱਚ ਰੇਡਿਓ-ਤਰੰਗਾਂ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। ਇੱਕ ਲੇਜ਼ਰ ਕਿਰਣ ਤੇ ਲੱਖਾਂ ਰੇਡੀਓ ਤਰੰਗਾਂ ਨੂੰ ਪ੍ਰਸਾਰਿਤ ਕੀਤਾ ਜਾ ਸਕਦਾ ਹੈ।

ਇਹ ਧਾਤੂ ਨੂੰ ਜੋੜਨ, ਕੱਟਣ, ਛੇਕ ਕਰਨ, ਟਾਂਕਾ ਲਾਉਣ ਆਦਿ ਕੰਮਾਂ ਵਿੱਚ ਇਸਤੇਮਾਲ ਹੁੰਦੀ ਹੈ। ਇਹ ਹਵਾਈ ਜਹਾਜ਼ ਨੂੰ ਸਹੀ ਮਾਰਗ ਤੇ ਰੱਖਣ ਵਿੱਚ ਵੀ ਕੰਮ ਆਉਂਦੀ ਹੈ। ਇਹ ਹੀਰਾ ਅਤੇ ਪਲਾਟੀਨਮ ਵਰਗੇ ਸਖਤ ਅਤੇ ਕਠੋਰ ਪਦਾਰਥਾਂ ਨੂੰ ਕੱਟਣ ਅਤੇ ਉਹਨਾਂ ਵਿੱਚ ਛੇਕ ਕਰਨ ਦਾ ਕੰਮ ਕੁਸ਼ਲਤਾ ਨਾਲ ਕਰਦੀ ਹੈ। ਅੱਜ ਪੁਲਾਂ ਅਤੇ ਗਗਨਚੁੰਬੀ ਇਮਾਰਤਾਂ ਦੀ ਸੇਧ ਲੈਣ ਦਾ ਕੰਮ ਵੀ ਲੇਜ਼ਰ ਕਿਰਣਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ।

ਇਸ ਨਾਲ ਤਾਰਿਆਂ ਅਤੇ ਗ੍ਰਹਿਨਕਸ਼ਤਰਾਂ ਦੀ ਦੂਰੀ ਸਥਿਤੀ ਅਤੇ ਮੌਜੂਦ ਤੱਤਾਂ ਆਦਿ ਦੀ ਮਾਤਰਾ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ। ਇਸ ਦੇ ਇਲਾਵਾ ਮੌਸਮ-ਵਿਗਿਆਨ, ਭੁਚਾਲ ਦੀ ਜਾਣਕਾਰੀ, ਕੰਪਿਊਟਰ, ਪ੍ਰਦੂਸ਼ਣ ਨਾਪਣ, ਹੋਲੋਗ੍ਰਾਮ ਵਿਧੀ ਨਾਲ ਵਿਕਾਸ ਵਰਗੇ ਨਾ ਜਾਣੇ ਕਿੰਨੇ ਕੰਮ ਲੇਜ਼ਰ ਰਾਹੀਂ ਕੀਤੇ ਜਾ ਰਹੇ ਹਨ।

ਲੇਜ਼ਰ ਦੀ ਖੋਜ ਐਨੇ ਖੇਤਰਾਂ ਵਿੱਚ ਸਿੱਧ ਹੋਈ ਹੈ, ਜਿੰਨੀ ਕਿ ਕੋਈ ਹੋਰ ਖੋਜ ਨਹੀਂ ਹੋਈ। ਕਈ ਲੋਕ ਇਸ ਨੂੰ 'ਅਲਾਦੀਨ ਦਾ ਚਿਰਾਗ' ਦੇ ਨਾਮ ਨਾਲ ਪੁਕਾਰਦੇ ਹਨ। ਅਸਲ ਵਿੱਚ ਲੇਜ਼ਰ ਨੇ ਉਨ੍ਹਾਂ ਅਨੇਕਾਂ ਹੈਰਾਨੀਆਂ ਨੂੰ ਸਾਕਾਰ ਕਰ ਦਿੱਤਾ ਹੈ, ਜਿਹਨਾਂ ਨੂੰ ਕੱਲ ਤਕ ਅਸੰਭਵ ਜਾਂ ਮਾਤਰ ਕਲਪਨਾ ਮੰਨਿਆ ਜਾਂਦਾ ਸੀ। ਅਜੇ ਵੀ ਲੇਜ਼ਰ ਦੇ ਉਪਯੋਗ ਦੀਆਂ ਕਈ ਹੋਰ ਸੰਭਾਵਨਾਵਾਂ ਹਨ, ਜਿਹਨਾਂ ਨੂੰ ਪੂਰਾ ਕਰਨ ਲਈ ਦੁਨੀਆ ਭਰ ਦੇ ਵਿਗਿਆਨਕ ਜੀ-ਜਾਨ ਨਾਲ ਜੁੱਟੇ ਹੋਏ ਹਨ। ▪

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਫਰਸ਼ ਤੇ ਰਿੜਦੀ ਹੋਈ ਗੇਂਦ ਦਿਸ਼ਾ ਕਿਉਂ ਬਦਲ ਲੈਂਦੀ ਹੈ?

**ਉੱਤਰ :** ਵਸਤੂ ਦੀਆਂ ਦੋ ਹਾਲਾਤਾਂ ਹੁੰਦੀਆਂ ਹਨ– ਆਰਾਮ ਅਤੇ ਗਤੀ। ਜਦ ਤਕ ਕਿਸੇ ਵੀ ਵਸਤੂ ਤੇ ਬਾਹਰੀ ਜ਼ੋਰ ਨਾ ਲਗਾਇਆ ਜਾਏ ਉਸ ਦੀ ਹਾਲਾਤ ਵਿੱਚ ਤਬਦੀਲੀ ਅਸੰਭਵ ਹੈ। ਰਿੜਦੀ ਹੋਈ ਗੇਂਦ ਵਿੱਚ ਗਤੀ ਹੁੰਦੀ ਹੈ, ਜਦ ਗੇਂਦ ਹਵਾ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਉਸ ਦੀ ਦਿਸ਼ਾ ਵਿੱਚ ਤਬਦੀਲੀ ਹੋ ਜਾਂਦੀ ਹੈ ਕਿਉਂਕਿ ਹਵਾ ਜ਼ੋਰ ਦਾ ਕੰਮ ਕਰਦੀ ਹੈ। ਇਸ ਵਜ੍ਹਾ ਨਾਲ ਹੀ ਰਿੜਦੀ ਹੋਈ ਗੇਂਦ ਆਪਣੀ ਦਿਸ਼ਾ ਬਦਲਣ ਵਿੱਚ ਸਮਰੱਥ ਹੋ ਸਕਦੀ ਹੈ।

**ਪ੍ਰਸ਼ਨ :** ਹੱਥਾਂ ਨੂੰ ਅੱਗੇ-ਪਿੱਛੇ ਕਰਨ ਦੀ ਧੁਨਿ ਤੁਹਾਨੂੰ ਕਿਉਂ ਨਹੀਂ ਸੁਣਾਈ ਦਿੰਦੀ ਹੈ?

**ਉੱਤਰ :** ਜਦ ਤੁਸੀਂ ਆਪਣੇ ਹੱਥਾਂ ਨੂੰ ਅੱਗੇ ਪਿੱਛੇ ਕਰਦੇ ਹੋ ਹੱਥਾਂ ਵਿੱਚ ਕੰਬਣ ਦੀ ਬਾਰੰਬਾਰਤਾ 20 ਤੋਂ ਘੱਟ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹਨ ਕਿ ਮਨੁੱਖ ਕੇਵਲ 20-20,000 ਕੰਬਣ ਪ੍ਰਤੀ ਸੈਕਿੰਡ ਦੇ ਵਿੱਚ ਦੀ ਬਾਰੰਬਾਰਤਾ ਵਾਲੀ ਧੁਨਿ ਹੀ ਸੁਣ ਸਕਦਾ ਹੈ। ਇਸ ਲਈ ਤੁਹਾਨੂੰ ਹੱਥਾਂ ਦੇ ਅੱਗੇ-ਪਿੱਛੇ ਕਰਨ ਦੀ ਧੁਨਿ ਸੁਣਾਈ ਨਹੀਂ ਦਿੰਦੀ ਹੈ।

**ਪ੍ਰਸ਼ਨ :** ਜੇਕਰ ਦਰੱਖਤ ਦੇ ਸੱਕ ਦੇ ਟੁਕੜੇ ਨੂੰ ਪਾਣੀ ਵਿੱਚ ਡੋਬ ਕੇ ਛੱਡ ਦਿੱਤਾ ਜਾਵੇ ਤਾਂ ਉਹ ਉਪਰ ਉਠ ਕੇ ਪਾਣੀ ਦੀ ਸਤ੍ਹਾ ਤੇ ਕਿਉਂ ਆ ਜਾਂਦਾ ਹੈ?

**ਉੱਤਰ :** ਜਦ ਕੋਈ ਵਸਤੂ ਕਿਸੇ ਤਰਲ ਜਾਂ ਗੈਸ ਵਿੱਚ ਡੋਬੀ ਜਾਂਦੀ ਹੈ ਤਾਂ ਉਹ ਸਦਾ ਉਪਰ ਵੱਲ ਇੱਕ ਬਲ ਦਾ ਅਨੁਭਵ ਕਰਨ ਲੱਗਦੀ ਹੈ। ਇਸ ਬਲ ਨੂੰ ਅਸੀਂ 'ਉਛਾਲ ਬਲ' ਕਹਿੰਦੇ ਹਾਂ। ਸੱਕ ਦੇ ਟੁਕੜੇ ਨੂੰ ਜਦ ਪਾਣੀ ਵਿੱਚ ਡੋਬ ਕੇ ਛੱਡ ਦਿੱਤਾ ਜਾਂਦਾ ਹੈ ਤਾਂ ਪਾਣੀ ਰਾਹੀਂ ਉਸ ਤੇ ਉਪਰ ਨੂੰ ਉਛਾਲ ਬਲ ਲਗਾਇਆ ਜਾਂਦਾ ਹੈ। ਇਹ ਬਲ ਸੱਕ ਦੇ ਟੁਕੜੇ ਦੇ ਭਾਰ ਤੋਂ ਵੱਧ ਹੁੰਦਾ ਹੈ। ਨਤੀਜੇ ਵਜੋਂ ਸੱਕ ਦਾ ਟੁਕੜਾ ਉਪਰ ਵੱਲ ਪਾਣੀ ਦੀ ਸਤ੍ਹਾ ਤੇ ਆ ਜਾਂਦਾ ਹੈ।

**ਪ੍ਰਸ਼ਨ :** ਮੱਛੀ ਆਪਣੀ ਥੈਲੀ ਨੂੰ ਫੁਲਾ ਕੇ ਜਾਂ ਸੰਗੋੜ ਕੇ ਪਾਣੀ ਵਿੱਚ ਹੇਠਾਂ-ਉਪਰ ਕਿਉਂ ਤਰਦੀ ਹੈ?

**ਉੱਤਰ :** ਮੱਛੀ ਆਪਣੀ ਥੈਲੀ ਨੂੰ ਫੁਲਾ ਕੇ ਉਸ ਵਿੱਚ ਹਵਾ ਭਰ ਲੈਂਦੀ ਹੈ ਜਿਸ ਨਾਲ ਥੈਲੀ ਦਾ ਆਇਤਨ ਵੱਧ ਜਾਂਦਾ ਹੈ। ਨਤੀਜੇ ਵਜੋਂ, ਹਟਾਏ ਗਏ ਪਾਣੀ ਦਾ ਭਾਰ ਮੱਛੀ ਦੇ ਭਾਰ ਤੋਂ ਵੱਧ ਜਾਂਦਾ ਹੈ ਅਤੇ ਮੱਛੀ ਸੁਗੜਤਾ ਨਾਲ ਪਾਣੀ ਵਿੱਚ ਤਰਦੀ ਰਹਿੰਦੀ ਹੈ। (ਕਿਉਂਕਿ ਵਸਤੂ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਵਸਤੂ ਦੇ ਭਾਰ ਤੋਂ ਜ਼ਿਆਦਾ ਹੋਣ ਤੇ ਹੀ ਉਹ ਤਰ ਸਕਦੀ ਹੈ।) ਥੈਲੀ ਦੇ ਸੁੰਗੜਨ ਨਾਲ ਹਵਾ ਨਿਕਲ ਜਾਂਦੀ ਹੈ ਅਤੇ ਉਲਟ ਕਿਰਿਆ ਹੁੰਦੀ ਹੈ। ਇਸ ਲਈ ਮੱਛੀ ਪਾਣੀ ਦੇ ਹੇਠਾਂ ਚਲੀ ਜਾਂਦੀ ਹੈ।

# ਵਿਸ਼ਵ ਦੀਆਂ ਘੋੜਸਵਾਰ ਔਰਤਾਂ

- ਅਮਰਜੀਤ ਚੰਦਰ

ਜਦੋਂ ਔਰਤਾਂ ਨੂੰ ਸਕੂਲ ਜਾਣ ਦੀ ਮਨ੍ਹਾਹੀ ਸੀ ਤਾਂ ਉਨ੍ਹਾਂ ਨੂੰ ਘਰ ਸੰਭਾਲਣਾ, ਬੱਚੇ ਸੰਭਾਲਣਾ ਬਸ ਐਨਾ ਹੀ ਅਧਿਕਾਰ ਸੀ। ਇਹਨਾਂ ਔਰਤਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਆਪਣਾ-ਆਪਣਾ ਬਹੁਤ ਹੀ ਮਹੱਤਵਪੂਰਣ ਯੋਗਦਾਨ ਪਾਇਆ। ਇਹ ਸਿਰਫ ਸ਼ੌਕ ਦੇ ਤੌਰ ਤੇ ਹੀ ਘੋੜਸਵਾਰੀ ਕਰਦੀਆਂ ਸਨ। ਇਸ ਤਰ੍ਹਾ ਦੀਆਂ ਕੁਝ ਔਰਤਾਂ ਦਾ ਹੇਠਾਂ ਵਰਣਨ ਕਰ ਰਹੇ ਹਾਂ।

ਰਾਣੀ ਲਕਸ਼ਮੀ ਬਾਈ ਨੇ ਸੰਨ 1857 ਵਿਚ ਭਾਰਤ ਨੂੰ ਆਜਾਦੀ ਦਿਵਾਉਣ ਵਿਚ ਅਹਿਮ ਯੋਗਦਾਨ ਪਾਇਆ। ਅੰਗਰੇਜਾਂ ਦਾ ਸਫਾਇਆ ਕਰਨ ਲਈ ਆਪਣੀ ਹੀ ਸੈਨਾ ਤਿਆਰ ਕੀਤੀ। ਉਸ ਨੇ ਪਹਿਲਾਂ ਹੀ ਘੋੜਸਵਾਰੀ ਵਿਦਿਆ ਅਤੇ ਲੜਾਈ ਵਿਚ ਕੰਮ ਆਉਣ ਵਾਲੀ ਹਰ ਵਿਦਿਆ ਹਾਸਲ ਕੀਤੀ। ਅੰਗਰੇਜ਼ ਸੈਨਾ ਨੇ ਝਾਂਸੀ ਨੂੰ ਚਾਰੇ ਪਾਸਿਉਂ ਘੇਰ ਲਿਆ। ਉਹ ਅੰਗਰੇਜ਼ਾਂ ਦਾ ਸਾਹਮਣਾ ਕਰਦੀ-ਕਰਦੀ ਬੜੀ ਚਲਾਕੀ ਨਾਲ ਗਵਾਲੀਅਰ ਵਲ ਨੂੰ ਨਿਕਲ ਗਈ। ਕੁਝ ਦਿਨਾਂ ਬਾਅਦ ਹੀ ਅੰਗਰੇਜ਼ਾਂ ਨੇ ਗਵਾਲੀਅਰ ਤੇ ਹਮਲਾ ਕਰ ਦਿੱਤਾ, ਉਸ ਹਮਲੇ ਵਿਚ ਮੁਕਾਬਲਾ ਕਰਦੇ-ਕਰਦੇ ਲਕਸ਼ਮੀ ਬਾਈ ਸ਼ਹੀਦ ਹੋ ਗਈ।

ਰਾਣੀ ਚੇਨਪਾ (ਕਰਨਾਟਕ) ਨੇ ਸੰਨ 1825 ਵਿਚ ਆਪਣਾ ਰਾਜ ਵਾਪਿਸ ਲੈਣ ਵਾਸਤੇ ਅੰਗਰੇਜ਼ਾਂ ਨਾਲ ਯੁਧ ਕੀਤਾ ਅਤੇ ਅੰਗਰੇਜ਼ਾਂ ਨੂੰ ਹਰਾ ਕੇ ਅੰਗਰੇਜ਼ ਔਰਤਾਂ ਤੇ ਬੱਚਿਆਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਉਸ ਤੋਂ ਬਾਅਦ ਅੰਗਰੇਜ਼ਾਂ ਨੇ ਕਿਤੂਰ ਤੇ ਹਮਲਾ ਕੀਤਾ ਅਤੇ ਰਾਣੀ ਚੇਨਪਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਪੰਜ ਸਾਲ ਬਾਅਦ ਉਸ ਦੀ ਮੌਤ ਹੋ ਗਈ।

ਝਲਕਰੀ ਨੇ ਲਕਸ਼ਮੀ ਬਾਈ ਨੂੰ ਬਚਾਉਣ ਲਈ ਅੰਗਰੇਜਾਂ ਨਾਲ ਮੁਕਾਬਲਾ ਕੀਤਾ। ਕੁਝ ਸਮੇਂ ਬਾਅਦ ਖੁਦ ਲਕਸ਼ਮੀ ਬਾਈ ਦਾ ਰੂਪ ਧਾਰਨ ਕਰਕੇ ਘੋੜੇ ਤੇ ਸਵਾਰ ਹੋ ਕੇ ਕਿਲੇ ਤੋਂ ਕੁਦ ਪਈ, ਅਤੇ ਲਕਸ਼ਮੀ ਬਾਈ ਨੂੰ ਕਿਲੇ ਚੋਂ ਆਜਾਦ ਕਰਾਉਣ ਵਿਚ ਕਾਮਯਾਬ ਹੋ ਗਈ।

ਤਾਰਾ ਬਾਈ ਸੁਤ੍ਰਨ ਰਾਜਾ ਦੀ ਇਕਲੌਤੀ ਸੰਤਾਨ ਸੀ।



ਉਹ ਬਚਪਨ ਤੋਂ ਹੀ ਘੋੜੇ ਦੀ ਸਵਾਰੀ ਅਤੇ ਹਥਿਆਰ ਚਲਾਉਣ ਦਾ ਸ਼ੌਕ ਰਖਦੀ ਸੀ। ਉਸ ਨੇ ਸ਼ਾਦੀ ਦੇ ਸਮੇਂ ਇਕ ਸ਼ਰਤ ਰੱਖੀ ਸੀ ਕਿ ਮੇਰੇ ਪੁਰਾਣੇ ਬਜ਼ੁਰਗਾਂ ਦਾ ਸ਼ਹਿਰ ਜੋ ਅਫਗਾਨਾਂ ਤੋਂ ਜਿੱਤ ਕੇ ਦੇਵੇਗਾ ਮੈਂ ਉਸ ਨਾਲ ਸ਼ਾਦੀ ਕਰਾਂਗੀ, ਨਹੀਂ ਤਾਂ ਸ਼ਾਦੀ ਨਹੀਂ ਕਰਾਂਗੀ। ਇਹ ਸ਼ਰਤ ਉਥੋਂ ਦੇ ਰਾਜਾ ਦੇ ਪੁੱਤਰ ਪ੍ਰਿਥਵੀ ਰਾਜ ਨੇ ਮੰਨ ਲਈ ਅਤੇ ਤਾਰਾ ਬਾਈ ਨੇ ਫਿਰ ਉਸ ਨਾਲ ਸ਼ਾਦੀ ਕਰ ਲਈ।

ਫਰਾਂਸ ਦੇ ਕਿਸਾਨ ਦੀ ਬੇਟੀ ਦਾ ਨਾਮ ਜੋਨ ਆਫ ਆਰਕ ਸੀ। ਉਹ ਬਿਲਕੁਲ ਅਨਪੜ ਸੀ। ਫੌਜ ਦੀ ਟ੍ਰੇਨਿੰਗ ਵਿਚ ਘੋੜ ਸਵਾਰੀ ਜਰੂਰੀ ਸੀ। ਇਸ ਕਰਕੇ ਘੋੜਸਵਾਰੀ ਵਿਚ ਉਹ ਬਹੁਤ ਮਾਹਿਰ ਸੀ।

ਮਹਾਰਾਣੀ ਵਿਕਟੋਰੀਆ ਦਾ ਜਨਮ ਬ੍ਰਿਟਿਸ਼ ਰਾਜ ਦੇ ਇਕ ਸ਼ਾਹੀ ਪਰਿਵਾਰ ਵਿਚ ਹੋਇਆ। ਉਹ ਬਚਪਨ ਤੋਂ ਹੀ ਦਲੇਰ ਸੀ ਪਰ ਅਪਣੇ ਨਿਜੀ ਜੀਵਨ ਵਿਚ ਉਹ ਬਹੁਤ ਹੀ ਅੰਧਵਿਸ਼ਵਾਸੀ ਸੀ। ਉਹ ਘੋੜ ਸਵਾਰੀ ਦੀ ਬਹੁਤ ਸ਼ੌਕੀਨ ਸੀ। ਸੰਨ 1837 ਵਿਚ 18 ਸਾਲ ਦੀ ਉਮਰ ਵਿਚ ਹੀ ਉਹ ਸਿੰਘਾਸਨ ਤੇ ਬੈਠ ਗਈ ਅਤੇ 63 ਸਾਲ ਤਕ ਉਸ ਨੇ ਰਾਜ ਕੀਤਾ। ■

ਬਾਲ ਕਹਾਣੀ

# ਨਦੀ ਦਾ ਘਮੰਡ

– ਰਾਜਕੁਮਾਰ ਜੈਨ



ਦਵਾਪਰ ਯੁੱਗ ਵਿੱਚ ਇੱਕ ਦਿਨ ਸ਼੍ਰੀ ਕ੍ਰਿਸ਼ਨ ਜੀ ਕਿਸੇ ਨਦੀ ਦੇ ਕੋਲੋਂ ਲੰਘ ਰਹੇ ਸਨ ਤਦੇ ਆਵਾਜ਼ ਆਈ- ਭਗਵਾਨ! ਆਪ ਜਮਨਾ ਵਿੱਚ ਖੇਡਾਂ ਕਰਦੇ ਹੋ ਕੀ ਮੈਨੂੰ ਚਰਨ-ਛੋਹ ਦਾ ਸੁਭਾਗ ਨਹੀਂ ਦੇਵੋਗੇ?

ਸ਼੍ਰੀਕ੍ਰਿਸ਼ਨ ਜੀ ਸਾਰਿਆਂ ਨੂੰ ਬਰਾਬਰ ਪਿਆਰ ਕਰਦੇ ਸਨ। ਉਸ ਨਦੀ ਦੀ ਗੱਲ ਸੁਣ ਕੇ ਬੋਲੇ- ਤੂੰ ਇੰਝ ਕਿਉਂ ਸੋਚਦੀ ਹੈ? ਮੈਂ ਜ਼ਰੂਰ ਤੇਰੇ ਠੰਡੇ ਪਾਣੀ ਵਿੱਚ ਇਸ਼ਨਾਨ ਕਰਾਂਗਾ। ਆਖੇ ਤਾਂ ਰੋਜ਼ ਨਹਾਇਆ ਕਰਾਂ। ਮੈਂ ਤਾਂ ਇੱਧਰੋਂ ਜਾਂਦਾ ਹੀ ਹਾਂ।

ਇਹ ਸੁਣ ਕੇ ਨਦੀ ਫੁੱਲੀ ਨਾ ਸਮਾਈ। ਉਸ ਦੀਆਂ ਲਹਿਰਾਂ ਉਛਲਣ ਲੱਗੀਆਂ। ਭਗਵਾਨ ਸ਼੍ਰੀਕ੍ਰਿਸ਼ਨ ਰੋਜ਼ ਉਸ ਨਦੀ ਵਿੱਚ ਨਹਾਉਣ ਲੱਗੇ। ਉਸ ਨਦੀ ਦੇ ਨੇੜੇ ਅੰਬ ਦੇ ਰੁੱਖ ਤੇ ਮੋਰ-ਮੋਰਨੀ ਦਾ ਇੱਕ ਜੋੜਾ ਰਹਿੰਦਾ ਸੀ। ਨਦੀ ਉਹਨਾਂ ਦੀ ਗੂੜੀ ਮਿੱਤਰ ਸੀ। ਮੋਰ ਉਸ ਦੇ ਕਿਨਾਰੇ ਤੇ ਆ ਕੇ ਨੱਚਦਾ ਸੀ। ਫਿਰ ਮੋਰ-ਮੋਰਨੀ ਨਿਰਮਲ ਪਾਣੀ ਪੀ ਕੇ ਤ੍ਰੇਹ (ਪਿਆਸ) ਬੁਝਾਉਂਦੇ ਸਨ।

ਇੱਕ ਦਿਨ ਮੋਰ-ਮੋਰਨੀ ਨੇ ਪਾਣੀ ਪੀਣਾ ਚਾਹਿਆ ਤਾਂ ਨਦੀ ਬੋਲੀ- ਜਰਾਂ ਰੁਕੋ! ਮੇਰੇ ਪਾਣੀ ਨੂੰ ਜੂਠਾ ਨਾ ਕਰੋ। ਹੁਣ ਮੇਰੇ ਵਿੱਚ ਭਗਵਾਨ ਇਸ਼ਨਾਨ ਕਰਦੇ ਹਨ। ਜੇਕਰ ਤੁਸੀਂ ਪਾਣੀ ਪੀ ਲਉਗੇ ਤਾਂ ਕੀ ਉਹ ਜੂਠੇ ਪਾਣੀ ਨਾਲ ਇਸ਼ਨਾਨ ਕਰਨਗੇ?

ਪਹਿਲਾਂ ਤਾਂ ਮੋਰ ਨੂੰ ਨਦੀ ਦੀ ਗੱਲ ਮਖੌਲ ਲੱਗੀ, ਪਰ ਜਦ ਉਸ ਨੂੰ ਪਤਾ ਲੱਗਾ ਕਿ ਨਦੀ ਸੱਚ ਕਹਿ ਰਹੀ ਹੈ ਤਾਂ ਉਸ ਨੇ ਸੋਚਿਆ 'ਕੀ







ਭਗਵਾਨ ਨੂੰ ਇਸ਼ਨਾਨ ਕਰਵਾਉਣ ਨਾਲ ਨਦੀ ਐਨੀ ਘਮੰਡੀ ਹੋ ਗਈ ਹੈ ਕਿ ਸਾਨੂੰ ਦੁਤਕਾਰ ਰਹੀ ਹੈ। ਪਾਣੀ ਵੀ ਨਹੀਂ ਪੀਣ ਦਿੰਦੀ।

ਮੋਰ ਨੂੰ ਬਹੁਤ ਦੁੱਖ ਹੋਇਆ। ਉਹ ਸ਼੍ਰੀਕ੍ਰਿਸ਼ਨ ਜੀ ਦੇ ਕੋਲ ਪਹੁੰਚ ਗਿਆ। ਉਸ ਨੇ ਸਾਰੀ ਘਟਨਾ ਸੁਣਾਈ। ਸ਼੍ਰੀਕ੍ਰਿਸ਼ਨ ਜੀ ਨੇ ਮੋਰ ਨੂੰ ਕਿਹਾ ਤੂੰ ਦੁੱਖੀ ਨਾ ਹੋ। ਨਦੀ ਨੂੰ ਘਮੰਡ ਹੋ ਗਿਆ ਹੈ। ਇਸ ਦਾ ਫਲ ਉਸ ਨੂੰ ਜ਼ਰੂਰ ਮਿਲੇਗਾ। ਮੈਂ ਤੈਨੂੰ ਵੀ ਓਨਾ ਹੀ ਪਿਆਰ ਕਰਦਾ ਹਾਂ। ਤੂੰ ਤਾਂ ਬਹੁਤ ਸੁੰਦਰ ਹੈ। ਮੋਰ ਖੁਸ਼ ਹੋ ਕੇ ਆਪਣੇ ਨਿਵਾਸ ਸਥਾਨ ਤੇ ਵਾਪਸ ਆ ਗਿਆ।

ਦੂਸਰੇ ਦਿਨ ਸ਼੍ਰੀਕ੍ਰਿਸ਼ਨ ਜੀ ਨਦੀ ਦੇ ਕਿਨਾਰੇ ਤੇ ਆਏ। ਉਸ ਦਿਨ ਉਹਨਾਂ ਨੇ ਨਦੀ ਵਿੱਚ ਇਸ਼ਨਾਨ ਨਹੀਂ ਕੀਤਾ। ਨਦੀ ਬੋਲੀ-ਪ੍ਰਭੂ! ਲੱਗਦਾ ਹੈ ਅੱਜ ਆਪ ਮੇਰੇ ਤੋਂ ਖੁਸ਼ ਨਹੀਂ ਹੋ।

ਸ਼੍ਰੀਕ੍ਰਿਸ਼ਨ ਜੀ ਨੇ ਮੁਸਕਰਾਉਂਦੇ ਹੋਏ ਕਿਹਾ- ਹੇ ਚੰਚਲ ਨਦੀ, ਮੈਂ ਤਦੇ ਇਸ਼ਨਾਨ ਕਰਾਂਗਾ, ਜਦ ਤੂੰ ਮੇਰੇ ਮੁਕਟ ਵਿੱਚ ਲਗਾਉਣ ਲਈ ਮੋਰ ਦਾ ਸੁੰਦਰ ਖੰਭ ਲਿਆ ਕੇ ਦੇਵੇਂਗੀ।

ਸੁਣ ਕੇ ਨਦੀ ਬੜੀ ਪ੍ਰੇਸ਼ਾਨ ਹੋਈ। ਹੁਣ ਕਿਸ ਮੂੰਹ ਨਾਲ ਮੋਰ ਤੋਂ ਖੰਭ ਮੰਗਾਂ? ਪਰ ਕੋਈ ਚਾਰਾ ਨਹੀਂ ਸੀ। ਉਸ ਨੇ ਮਾਣ ਤਿਆਗ ਕੇ ਮੋਰ ਨੂੰ ਬੁਲਾਇਆ ਅਤੇ ਕਿਹਾ- ਮੋਰ ਭਾਈ, ਮੈਨੂੰ ਮਾਫ਼ ਕਰਨਾ। ਮੈਂ ਤੇਰਾ ਦਿਲ ਦੁਖਾਇਆ ਹੈ।

ਮੋਰ ਨੇ ਕਿਹਾ ਬੋਲੋ ਕੀ ਗੱਲ ਹੈ? ਤੂੰ ਮੇਰੀ ਮਿੱਤਰ ਹੈ, ਮੈਂ ਤੇਰੀ ਜ਼ਰੂਰ ਸਹਾਇਤਾ ਕਰਾਂਗਾ।

ਨਦੀ ਨੇ ਸਾਰੀ ਗੱਲ ਦੱਸੀ। ਮੋਰ ਨੇ ਤੁਰੰਤ ਆਪਣਾ ਖੰਭ ਤੋੜ ਕੇ ਦੇ ਦਿੱਤਾ।

ਸ਼੍ਰੀਕ੍ਰਿਸ਼ਨ ਜੀ ਨੇ ਖੁਸ਼ ਹੋ ਕੇ ਨਦੀ ਦੇ ਹੱਥੋਂ ਖੰਭ ਲਿਆ। ਉਸ ਨੂੰ ਆਪਣੇ ਮੁਕਟ ਵਿੱਚ ਲਗਾਇਆ ਅਤੇ ਮੋਰ ਨੂੰ ਵਰਦਾਨ ਮੰਗਣ ਲਈ ਕਿਹਾ।

ਮੋਰ ਬੋਲਿਆ- ਪ੍ਰਭੂ! ਆਪ ਨੇ ਮੇਰਾ ਖੰਭ ਆਪਣੇ ਮੁਕਟ ਵਿੱਚ ਲਗਾ ਕੇ ਮੈਨੂੰ ਜੋ ਮਾਣ ਦਿੱਤਾ ਹੈ ਇਹੀ ਸਭ ਤੋਂ ਵੱਡਾ ਵਰਦਾਨ ਹੈ। ਹੁਣ ਆਪ ਇਸ ਨਦੀ ਵਿੱਚ ਇਸ਼ਨਾਨ ਕਰੋ।

- ਪਹਿਲਾਂ ਤੂੰ ਪਾਣੀ ਪੀ, ਤਦੇ ਮੈਂ ਇਸ਼ਨਾਨ ਕਰਾਂਗਾ।

- ਸ਼੍ਰੀਕ੍ਰਿਸ਼ਨ ਜੀ ਨੇ ਕਿਹਾ।

ਨਦੀ ਦਾ ਰਹਿੰਦਾ-ਖੂੰਹਦਾ ਘੁਮੰਡ ਵੀ ਚੂਰ ਹੋ ਗਿਆ। ▪



ਬਾਲ ਕਹਾਣੀ



# ਘੜੇ ਚੋਂ ਨਿਕਲਿਆ ਬੱਚਾ

– ਸੁਰੇਸ਼ ਸੌਰਭ

ਵੈਭਵ ਦੀ ਛੱਤ ਤੇ ਬਿੱਲੀ ਦੇ ਬੱਚੇ ਖੇਡ ਰਹੇ ਸਨ। ਉਹਨਾਂ ਦਾ ਉਛਲਣਾ-ਕੁੱਦਣਾ ਅਤੇ ਸ਼ਰਾਰਤ ਸੁਣ ਕੇ ਵੈਭਵ ਛੱਤ ਤੇ ਆ ਗਿਆ। ਵੈਭਵ ਨੂੰ ਵੇਖ ਕੇ ਸਾਰੇ ਬੱਚੇ ਆਪਣੀ ਬਿੱਲੀ ਮਾਂ ਦੇ ਨਾਲ ਭੱਜੇ। ਤਦੇ ਕੰਧ ਟੱਪਦੇ ਵਕਤ ਬਿੱਲੀ ਦਾ ਇੱਕ ਬੱਚਾ ਛੱਤ ਤੇ ਰੱਖੇ ਮਿੱਟੀ ਦੇ ਖਾਲੀ ਘੜੇ ਵਿੱਚ ਡਿੱਗ ਗਿਆ। ਹੁਣ ਉਸ ਨੂੰ ਵੇਖ ਕੇ ਬਿੱਲੀ ਮਾਂ ਫੌਰਨ ਰੁੱਕ ਗਈ ਅਤੇ ਆਪਣੇ ਬੱਚੇ ਨੂੰ ਘੜੇ ਵਿੱਚੋਂ ਕੱਢਣ ਦਾ ਯਤਨ ਕਰਨ ਲੱਗੀ ਪਰ ਉਹ ਸਫਲ ਨਹੀਂ ਹੋ ਰਹੀ ਸੀ, ਬੱਚਾ ਮਿਆਊਂ-ਮਿਆਊਂ ਕਰਕੇ ਰੋਈ ਜਾ ਰਿਹਾ ਸੀ। ਜਦ ਸਾਰੇ ਯਤਨ ਕਰਕੇ ਬਿੱਲੀ ਹਾਰ ਗਈ ਤਾਂ ਬਿੱਲੀ ਨੇ ਰੋਂਦੇ ਹੋਏ ਵੈਭਵ ਨੂੰ ਬੇਨਤੀ ਕੀਤੀ- ਭਾਈ ਪਲੀਜ਼! ਮੇਰੇ ਬੱਚੇ ਨੂੰ ਕੱਢ ਦਿਉ।

ਵੈਭਵ ਨੇ ਕਿਹਾ – ਬਿੱਲੀ ਮਾਸੀ, ਮੈਂ ਤੇਰੇ ਬੱਚੇ ਨੂੰ ਤਾਂ ਕੱਢ ਦੇਵਾਂਗਾ ਪਰ ਤੈਨੂੰ ਮੇਰੀ ਇੱਕ ਸ਼ਰਤ ਮੰਨਣੀ ਪਏਗੀ।

ਛੇਤੀ ਦੱਸ ਮੈਨੂੰ ਤੇਰੀ ਹਰ ਸ਼ਰਤ ਮਨਜ਼ੂਰ ਹੈ।


ਵੈਭਵ – ਮੈਨੂੰ ਤੇਰੇ ਬੱਚੇ ਬੜੇ ਪਿਆਰੇ ਲੱਗਦੇ ਹਨ। ਮੈਂ ਕਈ ਦਿਨਾਂ ਤੋਂ ਇਹਨਾਂ ਨਾਲ ਖੇਡਣਾ ਚਾਹ ਰਿਹਾ ਹਾਂ, ਪਰ ਇਹ ਮੇਰੇ ਹੱਥ ਹੀ ਨਹੀਂ ਆਉਂਦੇ?

ਬਿੱਲੀ – ਠੀਕ ਹੈ ਮੈਨੂੰ ਤੇਰੀ ਸ਼ਰਤ ਮਨਜ਼ੂਰ ਹੈ, ਪਰ ਇੱਕ ਗੱਲ ਧਿਆਨ ਰੱਖਣਾ ਇੱਕ ਮਾਂ ਤੋਂ ਉਸ ਦਾ ਬੱਚਾ ਵੱਖ ਨਾ ਕਰਨਾ।

ਵੈਭਵ – ਤੂੰ ਮੇਰੇ ਤੇ ਭਰੋਸਾ ਕਰ ਸਕਦੀ ਹੈ, ਮੈਂ ਉਸ ਨਾਲ ਖੇਡ ਕੇ ਉਸ ਨੂੰ ਵਾਪਸ ਕਰ ਦੇਵਾਂਗਾ, ਬਿੱਲੀ ਮਾਸੀ।

ਬਿੱਲੀ – ਤਾਂ ਠੀਕ ਹੈ, ਛੇਤੀ ਮੇਰੇ ਬੱਚੇ ਨੂੰ ਕੱਢੋ।

ਵੈਭਵ ਭੱਜ ਕੇ ਘੜੇ ਦੇ ਕੋਲ ਆਇਆ। ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਉਸ ਨੇ ਰੋ ਰਹੇ ਬੱਚੇ ਨੂੰ ਬੜੇ ਪਿਆਰ ਨਾਲ ਘੜੇ ਵਿਚੋਂ ਬਾਹਰ ਕੱਢਿਆ। ਫਿਰ ਖੂਬ ਪਿਆਰ ਕਰਨ ਲੱਗਾ। ਥੋੜੀ ਦੇਰ ਖੇਡਣ ਦੇ ਬਾਦ ਬੱਚੇ ਨੂੰ ਆਪਣੀ ਗੋਦ ਵਿੱਚੋਂ ਉਤਾਰ ਕੇ ਬਿੱਲੀ ਮਾਸੀ ਨੂੰ ਸੌਂਪ ਦਿੱਤਾ। ਬਿੱਲੀ ਨੇ ਮਮਤਾ ਭਰੀਆਂ ਅੱਖਾਂ ਨਾਲ ਕਿਹਾ – 'ਥੈਂਕਊ ਭਾਈ।' ■



# ਰੁੱਖ ਲਗਾਉ

– ਪਰਮਜੀਤ

ਰੁੱਖ ਲਗਾਉ, ਰੁੱਖ ਬਚਾਉ।
ਜੀਵਨ ਨੂੰ ਖ਼ੁਸ਼ਹਾਲ ਬਣਾਉ।
ਰੁੱਖ ਬੜੇ ਹਨ ਵੱਡੇ ਦਾਨੀ।
ਦਿੰਦੇ ਜੱਗ ਨੂੰ ਜੀਵਨ ਪਾਣੀ।

ਰੁੱਖ ਜਗਤ ਦਾ ਤਾਪ ਮਿਟਾਉਂਦੇ।
ਤਨ-ਮਨ ਦਾ ਸੰਤਾਪ ਮਿਟਾਉਂਦੇ।
ਫਲ ਦੇ ਕੇ ਵੀ ਪੱਥਰ ਖਾਂਦੇ।
ਪਾਠ ਨਿਮਰਤਾ ਦਾ ਸਾਨੂੰ ਪੜ੍ਹਾਉਂਦੇ।

ਇਹਨਾਂ ਤੋਂ ਸ਼ੁੱਧ ਹਵਾ ਮਿਲਦੀ ਹੈ।
ਹਵਾ ਨਾਲ ਹੀ ਉਮਰ ਚਲਦੀ ਹੈ।
ਪੰਛੀ, ਗਿਰਗਿਟ ਜਾਂ ਬਾਂਦਰ ਹਨ।
ਰੁੱਖਾਂ ਤੇ ਹੀ ਇਹਨਾਂ ਦੇ ਘਰ ਹਨ।

ਸਾਰੇ ਮਹਿਫਲ ਇਥੇ ਸਜਾਉਂਦੇ।
ਸ਼ਾਮ-ਸਵੇਰੇ ਨੱਚਦੇ ਗਾਉਂਦੇ।
ਰੁੱਖ ਲਗਾਉ ਰੁੱਖ ਬਚਾਉ।
ਜੱਗ ਨੂੰ ਜੀਣ ਯੋਗ ਬਣਾਉ।



# ਹਾਸਾ ਖੇਡਾ



ਟੀਚਰ : ਰੀਤੂ ਅੱਜ ਤੂੰ ਸਕੂਲ ਦੇਰ ਨਾਲ ਕਿਉਂ ਆਈ ਹੋ?

ਰੀਤੂ : ਮੈਡਮ ਮੈਂ ਘਰ ਤੋਂ ਵੀਹ ਰੁਪਏ ਦਾ ਸਿੱਕਾ ਲੈ ਕੇ ਚੱਲੀ ਸੀ, ਪਰ ਰਾਹ ਵਿੱਚ ਉਹ ਕਿਤੇ ਗਵਾਚ ਗਿਆ। ਮੈਂ ਉਸ ਨੂੰ ਲੱਭਣ ਲੱਗ ਗਈ ਸੀ।

ਟੀਚਰ : ਸ਼ਿਵਾਂਗੀ, ਤੂੰ ਦੇਰ ਨਾਲ ਕਿਉਂ ਆਈ ਹੋ?

ਸ਼ਿਵਾਂਗੀ : ਮੈਂ, ਉਸ ਸਿੱਕੇ ਨੂੰ ਪੈਰ ਹੇਠਾਂ ਦਬਾ ਕੇ ਖੜੀ ਸੀ।

---

ਸੋਨੂੰ : ਪਿੰਕੀ ਤੂੰ ਜੋ ਨਿਊਜ਼ਪੇਪਰ ਪੜ ਰਹੀ ਹੋ ਉਹ ਉਲਟਾ ਹੈ।

ਪਿੰਕੀ : ਤਾਂ ਕੀ ਹੋਇਆ? ਮੈਂ ਪੜ੍ਹ ਥੋੜੇ ਰਹੀ ਹਾਂ ਮੈਂ ਤਾਂ ਕੇਵਲ ਫੋਟੋ ਵੇਖ ਰਹੀ ਹਾਂ।

*– ਸੋਨੀ*

ਕੁੱਟਮਾਰ ਵਿੱਚ ਫੜੇ ਗਏ ਇੱਕ ਵਿਅਕਤੀ ਨੂੰ ਥਾਣੇਦਾਰ ਨੇ ਝਿੜਕਦੇ ਹੋਏ ਕਿਹਾ –

ਸਹੁੰ ਖਾ ਕਿ ਅੱਜ ਦੇ ਬਾਦ ਤੂੰ ਕਿਸੇ ਦੇ ਵਾਲ ਤਕ ਨਹੀਂ ਛੂਹੇਗਾ?

ਫੜਿਆ ਗਿਆ ਵਿਅਕਤੀ ਬੋਲਿਆ –

ਇਹ ਸਹੁੰ ਮੈਂ ਨਹੀਂ ਖਾ ਸਕਦਾ। ਇਸ ਸਹੁੰ ਦੇ ਇਲਾਵਾ ਕੋਈ ਵੀ ਸਹੁੰ ਖਾ ਸਕਦਾ ਹਾਂ।

ਥਾਣੇਦਾਰ : ਕਿਉਂ?

ਵਿਅਕਤੀ : ਹਜ਼ੂਰ ਮੇਰਾ ਨਾਈ ਦਾ ਪੇਸ਼ਾ ਹੈ।


*– ਆਨੰਦ ਪ੍ਰਕਾਸ਼*

ਇੱਕ ਚਿੜੀਆਘਰ ਵਿੱਚ ਇੱਕ ਬੱਚਾ ਹਾਥੀ ਦੇ ਕੋਲ ਖੜਾ ਸੀ।

ਪਾਪਾ : ਬੇਟਾ, ਹਾਥੀ ਤੋਂ ਦੂਰ ਹੋ ਜਾਉ।

ਬੇਟਾ : ਪਾਪਾ, ਆਪ ਚਿੰਤਾ ਨਾ ਕਰੋ ਮੈਂ ਹਾਥੀ ਦਾ ਕੁੱਝ ਨਹੀਂ ਵਿਗਾੜਾਂਗਾ।

*– ਅਮਿਤ*



ਪਾਪਾ : ਬੇਟਾ, ਤੂੰ ਤੱਕੜੀ ਅਤੇ ਵੱਟਾ ਆਪਣੇ ਬੈਗ ਵਿੱਚ ਪਾ ਕੇ ਸਕੂਲ ਕਿਉਂ ਲੈ ਜਾ ਰਿਹਾ ਹੈ?

ਬੇਟਾ : ਪਾਪਾ, ਮਾਸਟਰ ਜੀ ਕਹਿੰਦੇ ਹਨ ਕਿ ਪਹਿਲਾਂ ਹਰ ਗੱਲ ਤੋਲੋ ਫਿਰ ਬੋਲੋ।

---

ਇੱਕ ਬਾਂਦਰ ਰੁੱਖ ਤੇ ਚੜ੍ਹਿਆ ਤਾਂ ਉਪਰ ਬੈਠੇ ਲੰਗੂਰ ਨੇ ਕਿਹਾ –

ਤੂੰ ਕਿਉਂ ਚੜ੍ਹਿਆ?

ਬਾਂਦਰ : ਸੇਬ ਖਾਣ ਲਈ ਚੜ੍ਹਿਆ?

ਲੰਗੂਰ : ਪਰ ਇਹ ਤਾਂ ਅੰਬ ਦਾ ਰੁੱਖ ਹੈ।

ਬਾਂਦਰ : ਮੈਨੂੰ ਪਤਾ ਹੈ। ਸੇਬ ਤਾਂ ਮੈਂ ਨਾਲ ਲਿਆਇਆ ਹਾਂ।

---

ਕੀੜੀ : (ਹਾਥੀ ਨੂੰ) ਤੁਸੀਂ ਮੈਨੂੰ ਆਪਣੀ ਸ਼ਰਟ ਦੇ ਦਿਉ।

ਹਾਥੀ : ਕਿਉਂ?

ਕੀੜੀ : ਦਰਅਸਲ ਅੱਜ ਮੇਰੀ ਭੈਣ ਦਾ ਵਿਆਹ ਹੈ। ਟੈਂਟ ਲਗਾਉਣਾ ਹੈ।

---

ਮਾਲਿਕ : (ਨੌਕਰ ਨੂੰ) ਰਾਮੂ ਮੈਂ ਨਦੀ ਵਿੱਚ ਡੁੱਬ ਰਿਹਾ ਹਾਂ।

ਰਾਮੂ : ਮਾਲਿਕ ਅਜੇ ਨਾ ਡੁੱਬਣਾ, ਤੁਸੀਂ ਮੇਰੀ ਤਿੰਨ ਮਹੀਨੇ ਦੀ ਤਨਖਾਹ ਦੇਣੀ ਹੈ।

*– ਰਵਨੀਤ*

ਅਮਿਤ : ਯਾਰ ਸੁਮਿਤ ਪਿਛਲੇ ਹਫ਼ਤੇ ਪੈਦਾ ਹੋਇਆ ਭਰਾ ਐਨਾ ਰੋਂਦਾ ਕਿਉਂ ਹੈ?

ਸੁਮਿਤ : ਜੇਕਰ ਤੇਰਾ ਇੱਕ ਵੀ ਦੰਦ ਨਾ ਹੋਵੇ, ਸਿਰ ਗੰਜਾ ਹੋਵੇ, ਤੇਰੇ ਪੈਰ ਐਨੇ ਛੋਟੇ ਅਤੇ ਕਮਜ਼ੋਰ ਹੋਣ ਕਿ ਤੂੰ ਖੜਾ ਵੀ ਨਾ ਹੋ ਸਕੇ ਤਾਂ ਮੇਰੇ ਖਿਆਲ ਵਿੱਚ ਤੈਨੂੰ ਵੀ ਉਸ ਦੀ ਤਰ੍ਹਾਂ ਰੋਣਾ ਆਏਗਾ।

*– ਅਰਚਨਾ*

ਪਾਪਾ : ਚਿੰਟੂ, ਤੈਨੂੰ ਸਿਰਫ ਫੁੱਲ ਤੋੜਨ ਲਈ ਕਿਹਾ ਸੀ। ਹੁਣ ਤੂੰ ਟਹਿਣੀ ਕਿਉਂ ਤੋੜ ਲਿਆਇਆ ਹੈ?

ਚਿੰਟੂ : ਪਾਪਾ, ਉਥੇ ਲਿਖਿਆ ਸੀ, ਫੁੱਲ ਤੋੜਨਾ ਮਨ੍ਹਾ ਹੈ ਇਸ ਲਈ ਮੈਂ ਟਹਿਣੀ ਤੋੜ ਲਈ।

---

ਅਧਿਆਪਕ : ਮੋਟਰ ਸਾਈਕਲ ਦੇ ਕਿੰਨੇ ਟਾਇਰ ਹੁੰਦੇ ਹਨ?

ਪੱਪੂ : 6 ਟਾਇਰ।

ਅਧਿਆਪਕ : (ਗੁੱਸੇ ਨਾਲ) ਕਿਵੇਂ?

ਪੱਪੂ : 4 ਮੋਟਰ ਦੇ, 2 ਸਾਇਕਲ ਦੇ।

*– ਗੁਰਮੀਤ ਸਿੰਘ*

# ਐਸਾ ਕੰਮ ਕਦੇ ਨਹੀਂ ਕਰਨਾ

– ਰਾਜਕੁਮਾਰ ਰਾਜਨ

ਹੱਸਣਾ ਅਤੇ ਹਸਾਉਣਾ ਆਪਣੇ,
ਜੀਵਨ ਦਾ ਹੋਵੇ ਆਦਰਸ਼।
ਮਰ ਮਿਟੀਏ ਇਸ ਦੇਸ਼ ਵਾਸਤੇ,
ਕਰਨਾ ਪਵੇ ਕਿਤਨਾ ਸੰਘਰਸ਼।

ਦੀਨ-ਦੁਖੀਆਂ ਦੀ ਕਰਕੇ ਸੇਵਾ,
ਮਾਨਵ ਦਾ ਕਰੀਏ ਕਲਿਆਣ।
ਸੱਚੇ-ਸੁੱਚੇ ਰਾਹ ਤੇ ਚਲ ਕੇ,
ਰਾਸ਼ਟਰ ਦੀ ਵਧਾਈਏ ਸ਼ਾਨ।

ਐਸਾ ਕੰਮ ਕਦੇ ਨਹੀਂ ਕਰਨਾ,
ਆਪਣਾ ਜਿਸ ਨਾਲ ਮਾਣ ਘਟੇ।
ਮਹਾਪੁਰਸ਼ਾਂ ਦੀ ਬਾਣੀ ਤੋਂ,
ਕਦੇ ਨਾ ਸਾਡਾ ਧਿਆਨ ਹਟੇ।

ਵੱਡਿਆਂ ਦਾ ਕਰੀਏ ਸਤਿਕਾਰ,
ਛੋਟਿਆਂ ਨਾਲ ਕਰੀਏ ਪਿਆਰ।
ਬੁਰੀਆਂ ਆਦਤਾਂ ਨਾ ਅਪਨਾਈਏ,
ਦੁਨੀਆ ਦੇ ਵਿਚ ਆਦਰ ਪਾਈਏ।





# ਸਾਧਾਰਣ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਨੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)*

ਪ੍ਰਸ਼ਨ 1. ਅਫ਼ਗਾਨਿਸਤਾਨ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 2. ਕਿਸ ਦੇਸ਼ ਦੀ ਰਾਜਧਾਨੀ ਬਰਲਿਨ ਹੈ?

ਪ੍ਰਸ਼ਨ 3. ਹਨੂਮਾਨ ਦੀ ਮਾਂ ਦਾ ਕੀ ਨਾਂ ਸੀ?

ਪ੍ਰਸ਼ਨ 4. ਮਹਾਤਮਾ ਬੁੱਧ ਦਾ ਜਨਮ ਸਥਾਨ ਕਿਹੜਾ ਹੈ?

ਪ੍ਰਸ਼ਨ 5. ਰੇਡੀਓ ਦੀ ਖੋਜ ਕਿਸ ਨੇ ਕੀਤੀ?

ਪ੍ਰਸ਼ਨ 6. ਛੱਤਰਪਤੀ ਸ਼ਿਵਾਜੀ ਦੀ ਤਲਵਾਰ ਦਾ ਕੀ ਨਾਂ ਸੀ?

ਪ੍ਰਸ਼ਨ 7. ਆਸਟ੍ਰੇਲੀਆ ਦੇ ਕਿਸ ਸ਼ਹਿਰ ਵਿਚ ਸੰਨ 2000 ਦੇ ਓਲਿੰਪਕ ਖੇਡਾਂ ਦਾ ਆਯੋਜਨ ਕੀਤਾ ਗਿਆ ਸੀ?

ਪ੍ਰਸ਼ਨ 8. ਕੈਰਮ ਦੇ ਖੇਡ ਵਿਚ ਲਾਲ ਰੰਗ ਦੀ ਗੋਟੀ ਕੀ ਕਹਿਲਾਉਂਦੀ ਹੈ?

ਪ੍ਰਸ਼ਨ 9. ਰਵਿੰਦਰਨਾਥ ਟੈਗੋਰ ਦੀ ਪਤਨੀ ਦਾ ਕੀ ਨਾਂ ਸੀ?

ਪ੍ਰਸ਼ਨ 10. ਅੰਡੇਮਾਨ ਨਿਕੋਬਾਰ ਦੀਪ ਸਮੂਹ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 11. ਮਸ਼ਹੂਰ ਭਾਰਤੀ ਕੰਪਨੀ ਰਿਲਾਇੰਸ ਇੰਡਸਟ੍ਰੀਜ਼ ਲਿਮਿਟੇਡ ਦੇ ਸੰਸਥਾਪਕ ਕੌਣ ਸਨ?

ਪ੍ਰਸ਼ਨ 12. 2007 ਦੇ ਪਹਿਲੇ ਆਈ.ਸੀ.ਸੀ. ਟਵੈਂਟੀ-ਟਵੈਂਟੀ ਵਰਲਡ ਕੱਪ ਦੀ ਵਿਜੇਤਾ ਭਾਰਤ ਦੀ ਕ੍ਰਿਕੇਟ ਟੀਮ ਦਾ ਕਪਤਾਨ ਕੌਣ ਸੀ?

ਪ੍ਰਸ਼ਨ 13. ਲਛਮਣ ਦੀ ਮੂਰਛਾ ਦੂਰ ਕਰਨ ਲਈ ਕਿਸ ਬੂਟੀ ਦਾ ਇਸਤੇਮਾਲ ਕੀਤਾ ਗਿਆ ਸੀ?

ਪ੍ਰਸ਼ਨ 14. ਹਿਟਲਰ ਕਿਸ ਦੇਸ਼ ਦਾ ਤਾਨਾਸ਼ਾਹ ਸ਼ਾਸ਼ਕ ਸੀ?

ਪੇਸ਼ਕਸ਼ : ਵਿਕਾਸ ਅਰੋੜਾ

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

**ਚਿੱਤਰਕਾਰ ਅਤੇ ਲੇਖਕ**

**– ਅਜੈ ਕਾਲੜਾ**




ਬੱਚਿਉ ਪੈਰਾਸ਼ੂਟ ਇੱਕ ਵਿਗਿਆਨਕ ਉਪਕਰਣ ਹੈ ਜਿਸ ਦੀ ਖੋਜ ਏ.ਜੇ. ਗਾਰਨੇਰਿਨ ਨੇ ਕੀਤੀ ਸੀ।
ਜੀ, ਟੀਚਰ ਜੀ।
ਟੀਚਰ ਜੀ, ਪੈਰਾਸ਼ੂਟ ਕਿਸ ਕੰਮ ਆਉਂਦਾ ਹੈ? ਇਹ ਤਾਂ ਕਿਸੇ ਨੂੰ ਗੁਬਾਰੇ ਵਾਂਗ ਤੋਹਫ਼ੇ ਵਿੱਚ ਵੀ ਨਹੀਂ ਦੇ ਸਕਦੇ। ਇਸ ਨੂੰ ਖੋਲ੍ਹਾਂਗੇ ਤਾਂ ਇਹ ਨਾਲ ਹੀ ਉਡਾ ਕੇ ਲੈ ਜਾਏਗਾ।
ਪੈਰਾਸ਼ੂਟ ਐਮਰਜੈਂਸੀ ਵਿੱਚ ਉਡਦੇ ਹੋਏ ਹਵਾਈ ਜ਼ਹਾਜ ਵਿੱਚੋਂ ਸੁਰੱਖਿਆਪੂਰਵਕ ਧਰਤੀ ਤੇ ਉਤਰਣ ਦੇ ਕੰਮ ਆਉਂਦਾ ਹੈ।
ਯੁੱਧ ਦੇ ਸਮੇਂ ਇਸ ਨਾਲ ਸੈਨਿਕ ਯੁੱਧ ਦੇ ਮੋਰਚੇ ਤੇ ਵੀ ਉਤਰ ਸਕਦੇ ਹਨ।
ਟੀਚਰ ਜੀ, ਪੈਰਾਸ਼ੂਟ ਦੀ ਛੱਤਰੀ ਕਿਸ ਚੀਜ਼ ਦੀ ਬਣੀ ਹੁੰਦੀ ਹੈ?
ਪੈਰਾਸ਼ੂਟ ਦੀ ਛੱਤਰੀ ਰੇਸ਼ਮ ਜਾਂ ਨਾਇਲੋਨ ਦੀ ਬਣੀ ਹੁੰਦੀ ਹੈ ਕਿਉਂਕਿ ਇਹ ਮਜ਼ਬੂਤ ਅਤੇ ਹਲਕੇ ਹੋਣ ਦੇ ਕਾਰਣ ਪੈਰਾਸ਼ੂਟ ਨੂੰ ਸਫਲਤਾਪੂਰਵਕ ਉਡਣ ਵਿੱਚ ਮਦਦ ਕਰਦੇ ਹਨ।


ਟੀਚਰ ਜੀ ਕੀ ਪੈਰਾਸ਼ੂਟ ਗੋਲਾਕਾਰ ਹੀ ਹੁੰਦੇ ਹਨ?
ਨਹੀਂ ਕਿੱਟੀ! ਇਹ ਆਇਤਾਕਾਰ ਅਤੇ ਅੰਡਾਕਾਰ ਵੀ ਹੁੰਦੇ ਹਨ। ਨਾਲ ਹੀ ਰੰਗ-ਬਿਰੰਗੇ ਵੀ ਹੁੰਦੇ ਹਨ।
ਬੱਚਿਉ, ਪੈਰਾਸ਼ੂਟ ਨਾਲ ਉਡਨ ਵਾਲੇ ਨੂੰ ਕੀ ਕਹਿੰਦੇ ਨੇ ?
ਟੀਚਰ ਜੀ, ਨਹੀਂ ਪਤਾ! ਸਾਨੂੰ ਤੁਸੀ ਦੱਸੋ।
ਪੈਰਾਸ਼ੂਟ ਨਾਲ ਉਤਰਣ ਵਾਲੇ ਨੂੰ ਸਕਾਈਡਾਈਵਰ ਕਹਿੰਦੇ ਹਨ।
ਜੀ, ਟੀਚਰ ਜੀ।


ਬੱਚਿਉ! ਅੱਜ ਦੇ ਸਮੇਂ ਵਿੱਚ ਪੈਰਾਸ਼ੂਟਿੰਗ ਇੱਕ ਅਜਿਹਾ ਖੇਡ ਬਣ ਗਿਆ ਹੈ ਜਿਸ ਨਾਲ ਸਕਾ-ਈਡਾਈਵਰ ਆਕਾਸ਼ ਵਿੱਚ ਬਹੁਤ ਉਚਾਈ ਤਕ ਜਾ ਕੇ ਧਰਤੀ ਵੱਲ ਛਾਲ ਮਾਰਦੇ ਹਨ।
ਟੀਚਰ ਜੀ, ਕੀ ਉਹਨਾਂ ਨੂੰ ਡਰ ਨਹੀਂ ਲੱਗਦਾ?
ਡਰ ਕਾਹਦਾ? ਉਹ ਪੂਰੀ ਤਰ੍ਹਾਂ ਟ੍ਰੇਨਿੰਗ ਲੈਣ ਦੇ ਬਾਦ ਹੀ ਅਜਿਹਾ ਕਰਦੇ ਹਨ।
ਟੀਚਰ ਜੀ, ਆਪ ਨੇ ਪੈਰਾਸ਼ੂਟ ਦੇ ਬਾਰੇ ਵਿੱਚ ਦੱਸਿਆ, ਧੰਨਵਾਦ!

# ਕਿਤਾਬ ਦੇ ਸਫ਼ੇ

– ਜਗਤਾਰ ਚਮਨ




ਗਣਿਤ ਛੱਡ ਕੇ ਕੋਈ ਵੀ ਵਿਸ਼ਾ ਪੜ੍ਹਨ ਵਿੱਚ ਨਿਸ਼ੀ ਦਾ ਮਨ ਨਹੀਂ ਲੱਗਦਾ ਸੀ। ਉਹ ਰਾਤ-ਦਿਨ ਹਿਸਾਬ ਦੇ ਸਵਾਲਾਂ ਵਿੱਚ ਹੀ ਉਲਝੀ ਰਹਿੰਦੀ। ਸਿੱਟੇ ਵਜੋਂ ਉਹ ਪ੍ਰੀਖਿਆਂ ਦੇ ਦੂਸਰੇ ਵਿਸ਼ਿਆਂ ਵਿੱਚੋਂ ਫੇਲ੍ਹ ਹੋ ਜਾਂਦੀ। ਘਰ ਵਿੱਚ ਮਾਤਾ-ਪਿਤਾ ਅਤੇ ਸਕੂਲ ਵਿੱਚ ਅਧਿਆਪਕ ਸਮਝਾਉਂਦੇ- ਵੇਖੋ ਨਿਸ਼ੀ, ਜੀਵਨ ਵਿੱਚ ਸਫਲਤਾ ਲਈ ਸਾਰੇ ਵਿਸ਼ਿਆਂ ਦਾ ਗਿਆਨ ਹੋਣਾ ਜ਼ਰੂਰੀ ਹੈ। ਹੁਸ਼ਿਆਰ ਵਿਦਿਆਰਥੀਆਂ ਨੂੰ ਸਾਰੇ ਵਿਸ਼ਿਆਂ ਤੇ ਧਿਆਨ ਦੇਣਾ ਚਾਹੀਦਾ ਹੈ।

ਪਰ ਨਿਸ਼ੀ ਦੇ ਕੰਨਾਂ ਤੇ ਜੂੰ ਤਕ ਨਾ ਰੇਂਗਦੀ। ਉਹ ਆਪਣੀ ਹੀ ਲੀਕ ਤੇ ਚਲਦੀ ਆ ਰਹੀ ਸੀ।

ਬਾਕੀ ਦਿਨਾਂ ਦੀ ਤਰ੍ਹਾਂ ਉਸ ਦਿਨ ਵੀ ਨਿਸ਼ੀ ਗਣਿਤ ਦੇ ਸਵਾਲ ਹੀ ਕੱਢ ਰਹੀ ਸੀ ਕਿ ਉਸ ਨੂੰ ਨੀਂਦ ਆਉਣ ਲੱਗੀ। ਉਹ ਬਿਸਤਰੇ ਤੇ ਟੇਡੀ ਹੋ ਗਈ। ਉਸ ਦਾ ਬਸਤਾ ਉਥੇ ਹੀ ਕੋਲ ਪਿਆ ਸੀ। ਪੈਂਨਸਿਲ, ਕਲਮ, ਜੁਮੈਟਰੀ ਬਾਕਸ, ਅਤੇ ਗਣਿਤ ਦੀ ਕਾਪੀ ਉਸ ਦੇ ਪੈਰਾਂ ਵੱਲ ਪਈ ਸੀ।

ਅੱਖ ਲੱਗਦੇ ਹੀ ਉਸ ਨੇ ਵੇਖਿਆ ਕਿ ਸੰਸਕ੍ਰਿਤ ਦੀ ਕਿਤਾਬ ਉਸ ਦੇ ਬਸਤੇ ਵਿੱਚੋਂ ਨਿਕਲ ਕੇ ਇੱਕ ਚਿੱਟੀ ਪਰੀ ਬਣ ਗਈ ਅਤੇ ਕਮਰੇ ਤੋਂ ਬਾਹਰ ਜਾ ਰਹੀ ਹੈ। ਨਾਲ ਹੀ ਸ਼ਿਕਾਇਤ ਵੀ ਕਰ ਰਹੀ ਹੈ -'ਨਿਸ਼ੀ, ਹੁਣ ਮੈਂ ਤੇਰੇ ਕੋਲ ਨਹੀਂ ਰਹਾਂਗੀ। ਜਦ ਤੂੰ ਮੈਨੂੰ ਪੜ੍ਹਦੀ ਹੀ ਨਹੀਂ ਹੋ, ਤਦ ਮੇਰਾ ਇਥੇ ਰਹਿਣ ਦਾ ਕੀ ਲਾਭ?

ਨਿਸ਼ੀ ਅਜੇ ਕੁੱਝ ਉਤੱਰ ਦੇ ਸਕਦੀ ਕਿ ਹਿੰਦੀ ਦੀ ਕਿਤਾਬ ਦੇ ਸਫ਼ੇ ਜ਼ੋਰ-ਜ਼ੋਰ ਨਾਲ ਫਰਫਰਾਏ ਅਤੇ ਕਿਤਾਬ ਇੱਕ ਤਿੱਤਲੀ ਬਣ ਕੇ ਕਮਰੇ ਤੋਂ



ਬਾਹਰ ਨਿਕਲਣ ਲੱਗੀ। ਉਸ ਨੇ ਨਿਸ਼ੀ ਨੂੰ ਘੂਰਦੇ ਹੋਏ ਕਿਹਾ - 'ਨਿਸ਼ੀ ਮੈਂ ਹੁਣ ਤੇਰੇ ਬਸਤੇ ਵਿੱਚ ਨਹੀਂ ਰਹਾਂਗੀ। ਤੂੰ ਮੈਨੂੰ ਕਦੇ ਵੀ ਨਹੀਂ ਪੜ੍ਹਦੀ।.ਪਰ ਸੁਣੋ, ਮੇਰੇ ਗਿਆਨ ਦੇ ਬਿਨਾ ਤੂੰ ਨਾ ਤਾਂ ਠੀਕ ਤਰ੍ਹਾਂ ਬੋਲ ਸਕੋਗੀ ਨਾ ਹੀ ਲਿਖ ਸਕੋਗੀ।

ਨਿਸ਼ੀ ਆਪਣੀਆਂ ਬਾਕੀ ਕਿਤਾਬਾਂ ਨੂੰ ਥੈਲੇ ਵਿਚੋਂ ਨਿਕਲਣ ਨਾ ਦੇਣ ਲਈ ਅਜੇ ਬਸਤੇ ਦੇ ਬਟਨ ਲਗਾਉਣੇ ਹੀ ਚਾਹੁੰਦੀ ਸੀ ਕਿ ਸਮਾਜਿਕ ਵਿਗਿਆਨ ਦੀ ਕਿਤਾਬ ਦੇ ਸਾਰੇ ਸਫ਼ਿਆਂ ਦੇ ਚਿੱਤਰ ਅਤੇ ਨਕਸ਼ੇ ਅਚਾਨਕ ਮਿਟ ਗਏ। ਕਿਤਾਬ ਦੇ ਸਫ਼ੇ ਪਹਿਲਾਂ ਚਿੱਟੇ ਹੋ ਗਏ ਫਿਰ ਉਹ



ਫਰਫਰਾ ਕੇ ਵੱਖ ਹੋ ਕੇ ਰੂੰ ਦੇ ਛੋਟੇ-ਛੋਟੇ ਫਹੇ ਬਣ ਕੇ ਆਕਾਸ਼ ਵਿੱਚ ਉਡ ਗਏ। ਨਾਲ ਹੀ ਉਹਨਾਂ ਨੇ ਨਿਸ਼ੀ ਨੂੰ ਚੇਤਾਵਨੀ ਵੀ ਦਿੱਤੀ- ''ਨਿਸ਼ੀ ਮੈਂ ਜਾ ਰਹੀ ਹਾਂ ਕਿਉਂਕਿ ਤੂੰ ਗਣਿਤ ਦੇ ਚੱਕਰ ਵਿੱਚ ਮੈਨੂੰ ਕਦੇ ਪੜ੍ਹਿਆ ਹੀ ਨਹੀਂ। ਲੇਕਿਨ ਯਾਦ ਰੱਖਣਾ ਬਿਨਾ ਮੇਰੇ ਗਿਆਨ ਦੇ ਆਦਮੀ ਦੀਨ-ਦੁਨੀਆ ਤੋਂ ਅਣਜਾਣ ਹੀ ਰਹਿ ਜਾਂਦਾ ਹੈ। ਆਪਣੇ ਇਤਿਹਾਸ, ਸਮਾਜ, ਦੇਸ਼, ਫਰਜ਼ ਅਤੇ ਅਧਿਕਾਰ ਦੇ ਬਾਰੇ ਆਖਿਰ ਤੂੰ ਕਿਵੇਂ ਜਾਣੇਗੀ?'

ਨਿਸ਼ੀ ਕੁੱਝ ਬੋਲ ਸਕਦੀ, ਉਸ ਨੇ ਵੇਖਿਆ ਕਿ ਉਸ ਦੀ ਅੰਗ੍ਰੇਜ਼ੀ ਵਾਲੀ ਕਿਤਾਬ ਅਚਾਨਕ ਹਰੀ ਹੋ ਗਈ ਅਤੇ ਤੋਤਾ ਬਣ ਕੇ ਉਡਣ ਲੱਗੀ। ਉਡਦੇ-ਉਡਦੇ ਉਹ ਆਪਣੀ ਪੀੜਾ ਅਤੇ ਰੋਸ ਪ੍ਰਗਟ ਕਰ ਗਈ- ਨਿਸ਼ੀ ਤੂੰ ਬਿਨਾ ਮੈਨੂੰ ਜਾਣੇ ਕਿਸ ਤਰ੍ਹਾਂ ਗਣਿਤ ਦੇ ਸਵਾਲਾਂ ਨੂੰ ਸਮਝ ਸਕੋਗੀ?



ਕਿਵੇਂ ਇੰਜੀਨੀਰਿੰਗ, ਮੈਡੀਕਲ, ਕੰਪਿਊਟਰ ਆਦਿ ਦੀਆਂ ਕਿਤਾਬਾਂ ਪੜ੍ਹ ਸਕੋਗੀ?

ਨਿਸ਼ੀ ਕੁੱਝ ਬੋਲਣਾ ਚਾਹੁੰਦੀ ਸੀ ਕਿ ਉਸ ਨੇ ਵੇਖਿਆ ਉਸ ਦੀ ਸਭ ਤੋਂ ਪਿਆਰੀ ਕਿਤਾਬ ਗਣਿਤ-ਇੱਕ ਕਾਲਾ ਪਰਛਾਵਾਂ ਬਣ ਕੇ ਉਥੋਂ ਗਾਇਬ ਹੋ ਗਈ। ਨਿਸ਼ੀ ਨੇ ਸੁਣਿਆ ਉਹ ਕਾਲਾ ਪਰਛਾਵਾਂ ਕਹਿ ਰਿਹਾ ਸੀ - ''ਨਿਸ਼ੀ ਹੁਣ ਮੈਂ ਇੱਕਲੀ ਰਹਿ ਕੇ ਕੀ ਕਰਾਂਗੀ? ਤੂੰ ਮੇਰੀਆਂ ਸਾਰੀਆਂ ਭੈਣਾਂ ਨੂੰ ਘਰੋਂ ਕੱਢ ਦਿੱਤਾ, ਹੁਣ ਇਥੇ ਮੇਰਾ ਕੀ ਕੰਮ! ਤੂੰ ਮੈਨੂੰ ਉਹਨਾਂ ਸਾਰੀਆਂ ਦੀਆਂ ਨਜ਼ਰਾਂ ਵਿੱਚ ਕਲੰਕਿਤ ਕਰ ਦਿੱਤਾ। ਵੇਖਦੀ ਨਹੀਂ ਮੇਰਾ ਬਦਨ! ਸ਼ਰਮ ਅਤੇ ਦੁੱਖ ਨਾਲ ਕਾਲਾ ਹੋ ਗਿਆ ਹੈ।

ਉਸ ਕਾਲੇ ਪਰਛਾਵੇਂ ਦੀ ਗੱਲ ਸੁਣ ਕੇ ਨਿਸ਼ੀ ਚੀਕਦੀ ਹੋਈ ਉਸ ਨੂੰ ਫੜਨ ਲਈ ਦੌੜੀ। ਇਸੇ ਦੌਰਾਨ ਉਸ ਦੀ ਨੀਂਦ ਉਖੜ ਗਈ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਚੁੱਕਾ ਸੀ। ਉਸ ਨੇ ਆਪਣੀਆਂ ਖਿਲਰੀਆਂ ਹੋਈਆਂ ਕਿਤਾਬਾਂ, ਕਾਪੀਆਂ, ਪੈਂਸਿਲ ਆਦਿ ਇੱਕਠੇ ਕਰਦੇ ਹੋਏ ਪ੍ਰਣ ਕੀਤਾ- ਅੱਜ ਤੋਂ ਮੈਂ ਸਾਰੇ ਵਿਸ਼ੇ ਪੜ੍ਹਾਂਗੀ।

ਨਿਸ਼ੀ ਨੇ ਆਪਣੇ ਪ੍ਰਣ ਦਾ ਪਾਲਣ ਕੀਤਾ ਅਤੇ ਅਗਲੀ ਪ੍ਰੀਖਿਆ ਵਿੱਚੋਂ ਉਹ ਆਪਣੀ ਜਮਾਤ ਵਿੱਚ ਪਹਿਲੇ ਦਰਜੇ ਤੇ ਆਈ। ▪



# ਅਨੋਖਾ ਨਿਆਂ

– ਮੀਨਾ ਮੈਡਮ

ਗੱਲ ਜਰਾ ਪੁਰਾਣੇ ਜ਼ਮਾਨੇ ਦੀ ਹੈ। ਇੱਕ ਵਾਰ ਦੋ ਵਿਅਕਤੀ ਤੀਰਥਯਾਤਰਾ ਤੇ ਜਾ ਰਹੇ ਸਨ। ਰਾਹ ਵਿੱਚ ਉਹਨਾਂ ਨੂੰ ਭੁੱਖ ਲੱਗ ਗਈ। ਇਸ ਲਈ ਉਹ ਇੱਕ ਰੁੱਖ ਦੀ ਛਾਂ ਹੇਠਾਂ ਬੈਠ ਗਏ। ਉਹਨਾਂ ਲੋਕਾਂ ਨੇ ਆਪਣਾ ਆਪਣਾ ਖਾਣਾ ਕੱਢਿਆ। ਇੱਕ ਦੇ ਕੋਲ ਤਿੰਨ ਰੋਟੀਆਂ ਸਨ



ਅਤੇ ਦੂਸਰੇ ਦੇ ਕੋਲ ਪੰਜ। ਉਹ ਭੋਜਨ ਸ਼ੁਰੂ ਹੀ ਕਰਨ ਵਾਲੇ ਸਨ ਕਿ ਉਥੇ ਇੱਕ ਹੋਰ ਵਿਅਕਤੀ ਆ ਗਿਆ। ਦੋਵਾਂ ਨੇ ਉਸ ਨੂੰ ਖਾਣਾ ਖਾਣ ਲਈ ਕਿਹਾ। ਉਹ ਰਾਜੀ ਹੋ ਗਿਆ। ਤਿੰਨਾਂ ਨੇ ਇੱਕਠੇ ਮਿਲ ਕੇ ਖਾਣਾ ਖਾਧਾ। ਭੋਜਨ ਖ਼ਤਮ ਹੋਣ ਤੇ ਉਸ ਵਿਅਕਤੀ ਨੇ ਖੁਸ਼ ਹੋ ਕੇ ਉਹਨਾਂ ਨੂੰ ਅੱਠ ਰੁਪਏ ਦਿੱਤੇ ਅਤੇ ਕਿਹਾ – ਇਹਨਾਂ ਰੁਪਈਆਂ ਨੂੰ ਆਪਸ ਵਿੱਚ ਵੰਡ ਲੈਣਾ। ਉਹ ਵਿਅਕਤੀ ਰੁਪਏ ਦੇ ਕੇ ਚਲਾ ਗਿਆ।

ਇੱਧਰ ਉਨ੍ਹਾਂ ਦੋਵਾਂ ਯਾਤਰੀਆਂ ਵਿੱਚ ਪੈਸਿਆਂ ਨੂੰ ਲੈ ਕੇ ਝਗੜਾ ਹੋ ਗਿਆ। ਜਿਸ ਯਾਤਰੀ ਦੀਆ ਪੰਜ ਰੋਟੀਆਂ ਸਨ, ਉਹ ਚਾਹੁੰਦਾ ਸੀ ਕਿ ਉਸ ਨੂੰ ਅੱਠਾਂ ਵਿੱਚੋਂ ਪੰਜ ਰੁਪਈਏ ਮਿਲਣ ਜਦ ਕਿ ਤਿੰਨ ਰੋਟੀਆਂ ਵਾਲਾ ਯਾਤਰੀ ਅੱਧੇ ਅਰਥਾਤ ਚਾਰ ਰੁਪਈਏ ਚਾਹੁੰਦਾ ਸੀ। ਆਖਿਰ ਜਦ ਉਹ ਆਪਸ ਵਿੱਚ ਕੋਈ ਫੈਸਲਾ ਨਹੀਂ ਕਰ ਸਕੇ ਤਾਂ ਦੋਵਾਂ ਨੇ ਉਸ ਰਾਜ ਦੇ ਰਾਜਾ ਕੋਲ ਜਾਣ ਦਾ ਫੈਸਲਾ ਕੀਤਾ।

ਇਥੋਂ ਦਾ ਰਾਜਾ ਆਪਣੇ ਅਨੋਖੇ ਅਤੇ ਨਿਰਪੱਖ ਨਿਆਂ ਲਈ ਪ੍ਰਸਿੱਧ ਸੀ। ਰਾਜਾ ਨੇ ਸਾਰੀ ਗੱਲ ਸੁਣਨ ਦੇ ਬਾਦ ਪੁੱਛਿਆ – ਤੀਸਰੇ ਯਾਤਰੀ ਨੇ ਕਿੰਨੀਆਂ ਰੋਟੀਆਂ ਖਾਧੀਆਂ?

ਦੋਵਾਂ ਨੇ ਜਵਾਬ ਦਿੱਤਾ ਇਹ ਤਾਂ ਨਹੀਂ ਦੱਸਿਆ ਜਾ ਸਕਦਾ ਕਿਉਂਕਿ ਅਸੀਂ ਇੱਕਠੇ ਖਾਣਾ ਖਾਧਾ ਅਤੇ ਹਰੇਕ ਰੋਟੀ ਦੇ ਤਿੰਨ ਟੁਕੜੇ ਕਰ ਲਏ ਸਨ।

ਰਾਜਾ ਨੇ ਕਿਹਾ – ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਸਾਰਿਆਂ ਨੇ ਬਰਾਬਰ ਰੋਟੀਆਂ ਖਾਧੀਆਂ?

ਦੋਵਾਂ ਨੇ ਸਹਿਮਤ ਹੁੰਦੇ ਹੋਏ ਕਿਹਾ – ਹਾਂ।

ਤਦ ਰਾਜਾ ਨੇ ਕਿਹਾ– ਹਰੇਕ ਰੋਟੀ ਦੇ ਤਿੰਨ ਟੁਕੜੇ ਕੀਤੇ ਗਏ, ਇਸ ਤਰ੍ਹਾਂ ਕੁਲ ਅੱਠ ਰੋਟੀਆਂ ਦੇ ਚੌਵੀ ਟੁਕੜੇ ਹੋਏ ਹੈ ਨਾ?

ਕੁੱਝ ਦੇਰ ਸੋਚ-ਵਿਚਾਰ ਕਰਨ ਦੇ ਬਾਦ ਦੋਵਾਂ ਯਾਤਰੀਆਂ ਨੇ ਹਾਮੀ ਭਰ ਦਿੱਤੀ।

ਤਦ ਰਾਜਾ ਨੇ ਕਿਹਾ– ਇਸ ਤੋਂ ਇਹ ਸਾਫ਼ ਜਾਹਿਰ ਹੈ ਕਿ ਤਿੰਨਾਂ ਨੇ ਅੱਠ-ਅੱਠ ਟੁਕੜੇ ਖਾਧੇ। ਤਿੰਨ ਰੋਟੀਆਂ ਵਾਲੇ ਯਾਤਰੀ ਨੇ ਆਪਣੀਆਂ ਰੋਟੀਆਂ ਦੇ ਕੁੱਲ ਨੌ ਟੁਕੜਿਆਂ ਵਿੱਚੋਂ ਕੇਵਲ ਇੱਕ ਟੁਕੜਾ ਉਸ ਯਾਤਰੀ ਨੂੰ ਦਿੱਤਾ ਜਦਕਿ ਪੰਜ ਰੋਟੀਆਂ ਵਾਲੇ ਵਿਅਕਤੀ ਨੇ ਆਪਣੇ ਪੰਦਰਾਂ ਟੁਕੜਿਆਂ ਵਿੱਚੋਂ ਸੱਤ ਟੁਕੜੇ ਉਸ ਯਾਤਰੀ ਨੂੰ ਦਿੱਤੇ। ਇਸ ਤਰ੍ਹਾਂ ਪੰਜ ਰੋਟੀਆਂ ਵਾਲੇ ਯਾਤਰੀ ਨੇ ਜ਼ਿਆਦਾ ਤਿਆਗ ਕੀਤਾ। ਅੱਠ ਰੁਪਿਆਂ ਵਿੱਚੋਂ ਸੱਤ ਰੁਪਏ ਪੰਜ ਰੋਟੀਆਂ ਵਾਲੇ ਵਿਅਕਤੀ ਨੂੰ ਮਿਲਣੇ ਚਾਹੀਦੇ ਹਨ ਜਦਕਿ ਤਿੰਨ ਰੋਟੀਆਂ ਵਾਲੇ ਯਾਤਰੀ ਨੂੰ ਕੇਵਲ ਇੱਕ ਰੁਪਿਆ ਮਿਲਣਾ ਚਾਹੀਦਾ ਹੈ।

ਤਿੰਨ ਰੋਟੀਆਂ ਵਾਲਾ ਯਾਤਰੀ ਇਸ ਨਿਆਂ ਦਾ ਵਿਰੋਧ ਨਾ ਕਰ ਸਕਿਆ ਅਤੇ ਚੁਪਚਾਪ ਇੱਕ ਰੁਪਿਆ ਲੈ ਕੇ ਥੱਕੇ ਮਨ ਨਾਲ ਚਲ ਪਿਆ।

# ਕੀ ਤੁਸੀਂ ਜਾਣਦੇ ਹੋ



- ਪਹਿਲੀ ਲਾਲਬੱਤੀ 1868 ਵਿੱਚ ਲੰਦਨ ਦੇ ਚੌਰਾਹੇ ਤੇ ਲੱਗੀ ਸੀ।
- ਕੈਲੀਫੋਰਨੀਆਂ ਵਿੱਚ ਨਹਾਉਣ ਦੇ ਟੱਬ ਅੰਦਰ ਸੰਤਰਾ ਖਾਣਾ ਕਾਨੂੰਨੀ ਅਪਰਾਧ ਹੈ।
- ਅਮਰੀਕਾ ਵਿੱਚ ਫਲੋਰੀਡਾ ਦੇ ਮਿਆਮੀ ਸ਼ਹਿਰ ਵਿੱਚ ਕਿਸੇ ਜਾਨਵਰ ਦੀ ਨਕਲ ਉਤਾਰਨਾ ਕਾਨੂੰਨੀ ਅਪਰਾਧ ਹੈ।
- ਊਠ ਦੀ ਰੀੜ ਦੀ ਹੱਡੀ ਇਕਦਮ ਸਿੱਧੀ ਹੁੰਦੀ ਹੈ।
- ਦੁਨੀਆ ਵਿੱਚ 1200 ਕਿਸਮ ਦੀਆਂ ਜ਼ਹਿਰੀਲੀਆਂ ਮੱਛੀਆਂ ਹਨ।
- ਸੂਰਜ ਧਰਤੀ ਤੋਂ 93 ਮਿਲੀਅਨ ਮੀਲ ਦੀ ਦੂਰੀ ਤੇ ਹੈ।
- ਸਵਿੱਟਜਰਲੈਂਡ ਵਿੱਚ ਕਾਰ ਦਾ ਦਰਵਾਜ਼ਾ ਜ਼ੋਰ ਨਾਲ ਬੰਦ ਕਰਨਾ ਗੈਰ-ਕਾਨੂੰਨੀ ਹੈ।
- ਆਕਸੀਜਨ ਦੀ ਖੋਜ ਜੋਸਫ ਪ੍ਰਿਸਟਲੇ ਨੇ ਕੀਤੀ ਸੀ।
- ਵਿਸ਼ਵਨਾਥਨ ਆਨੰਦ ਭਾਰਤ ਦੇ ਮਹਾਨ ਸ਼ਤਰੰਜ ਖਿਡਾਰੀ ਸਨ।
- ਭਾਰਤ ਦੀ ਰਾਸ਼ਟਰੀ ਖੇਡ ਹਾਕੀ ਹੈ।
- ਭਾਰਤ ਵਿੱਚ ਸਮੁੰਦਰ ਦੇ ਕਿਨਾਰੇ ਸਭ ਤੋਂ ਵੱਡਾ ਹੋਟਲ ਦੱਖਣੀ ਮੁੰਬਈ ਅੰਦਰ 'ਉਬਰਾਇ' ਹੈ।
- ਭਾਰਤ-ਪਾਕਿਸਤਾਨ ਦੀ ਸੀਮਾ ਲਾਇਨ ਨੂੰ 'ਰੈਡ ਕਲੀਫ ਲਾਇਨ'' ਕਿਹਾ ਜਾਂਦਾ ਹੈ।
- ਅੰਗਹੀਨ ਵਿਅਕਤੀਆਂ ਲਈ ਬਣਾਏ ਗਏ ਕੰਪਿਊਟਰ ਦਾ ਨਾਂ ''ਆਲ ਰਾਇਟ'' ਹੈ।
- ਮਿਲਖਾ ਸਿੰਘ ਨੂੰ ਉਡਣਾ ਸਿੱਖ ਵੀ ਕਿਹਾ ਜਾਂਦਾ ਹੈ।
- ਇੰਗਲੈਂਡ ਦਾ ਕੋਈ ਲਿਖਤ ਸੰਵਿਧਾਨ ਨਹੀਂ ਹੈ।
- ਡਾਲਫਿਨ ਸਭ ਤੋਂ ਬੁਧੀਮਾਨ ਮੱਛੀ ਹੁੰਦੀ ਹੈ।
- ਆਈਸਲੈਂਡ ਵਿੱਚ ਪਾਲਤੂ ਕੁੱਤੇ ਰੱਖਣਾ ਗੈਰ-ਕਾਨੂੰਨੀ ਹੈ।
- ਲਿਉਨਾਰਡੋ ਦਾ ਵਿੰਚੀ ਇਕ ਹੀ ਸਮੇਂ ਇਕ ਹੱਥ ਨਾਲ ਲਿਖਦੇ ਸਨ ਅਤੇ ਦੂਜੇ ਹੱਥ ਨਾਲ ਪੇਂਟਿੰਗ ਬਣਾ ਲੈਂਦੇ ਸਨ।

ਪੇਸ਼ਕਸ਼ : ਵਿਭਾ ਵਰਮਾ


# ਐਕਵੇਰੀਅਮ ਦੀ ਹਰਮਨ ਪਿਆਰੀ ਮੱਛੀ

# ਚਾਕੂ ਮੱਛੀ

– ਮਨਮੋਹਨ ਬਾਵਾ

ਚਾਕੂ ਮੱਛੀ ਤਾਜ਼ੇ ਪਾਣੀ ਦੀ ਇੱਕ ਵਿਲੱਖਣ ਮੱਛੀ ਹੈ। ਅੰਗ੍ਰੇਜ਼ੀ ਵਿੱਚ ਇਸ ਨੂੰ 'ਨਾਇਫ ਫਿਸ਼' ਵੀ ਕਹਿੰਦੇ ਹਨ। ਚਾਕੂ ਮੱਛੀ ਦੀ ਪੂਛ ਚਾਕੂ ਵਾਂਗ ਹੁੰਦੀ ਹੈ। ਇਸ ਲਈ ਇਸ ਨੂੰ ਇਹ ਨਾਮ ਦਿੱਤਾ ਗਿਆ ਹੈ। ਚਾਕੂ ਮੱਛੀ ਦੱਖਣ-ਪੂਰਵੀ ਏਸ਼ੀਆ ਵਿੱਚ ਅਤੇ ਅਫਰੀਕਾ ਵਿੱਚ ਮਿਲਦੀ ਹੈ। ਚਾਕੂ ਮੱਛੀ ਹੌਲੀ ਗਤੀ ਨਾਲ ਵਹਿਣ ਵਾਲੀਆਂ ਨਦੀਆਂ ਅਤੇ ਅਜਿਹੇ ਸਥਾਨਾਂ ਵਿੱਚ ਰਹਿਣਾ ਪਸੰਦ ਕਰਦੀ ਹੈ, ਜਿਥੇ ਪਾਣੀ ਵਾਲੇ ਪੌਦੇ ਹੋਣ ਅਤੇ ਪਾਣੀ ਦਾ ਵਹਾਅ ਘੱਟ ਹੋਵੇ। ਚਾਕੂ ਮੱਛੀ ਬੜੀ ਸ਼ਾਨਦਾਰ ਤੈਰਾਕ ਹੈ। ਇਹ ਪਾਣੀ ਦੀ ਧਾਰਾ ਦੇ ਉਲਟ ਵੀ ਤੈਰ ਸਕਦੀ ਹੈ। ਚਾਕੂ ਮੱਛੀ ਪਾਣੀ ਦੀ ਧਾਰਾ ਦੇ ਉਲਟ ਤੈਰਦੇ ਸਮੇਂ ਆਪਣੇ ਸਰੀਰ ਨੂੰ ਸਖਤ ਬਣਾ ਲੈਂਦੀ ਹੈ। ਇਸ ਨਾਲ ਇਸ ਨੂੰ ਤੈਰਨ ਵਿੱਚ ਸਹੂਲਤ ਰਹਿੰਦੀ ਹੈ।


ਚਾਕੂ ਮੱਛੀ ਦੀ ਗਣਨਾ ਐਕਵੇਰੀਅਮ ਦੀ ਸਭ ਤੋਂ ਵੱਧ ਹਰਮਨਪਿਆਰੀ ਮੱਛੀਆਂ ਵਿੱਚ ਕੀਤੀ ਜਾਂਦੀ ਹੈ। ਇਸ ਦੇ ਕੂਹਲੇ ਦਾ ਮੀਨਖੰਭ ਪਤਲਾ ਹੁੰਦਾ ਹੈ। ਇਸ ਦੀ ਸਹਾਇਤਾ ਨਾਲ ਇਹ ਪਾਣੀ ਵਿੱਚ ਆਪਣਾ ਸਰੀਰ ਲਹਿਰਾਉਂਦੇ ਹੋਏ ਤੈਰਦੀ ਹੈ। ਚਾਕੂ ਮੱਛੀ ਐਕਵੇਰੀਅਮ ਵਿੱਚ ਘੱਟ ਪ੍ਰਕਾਸ਼ ਵਾਲੇ ਛਾਂਦਾਰ ਸਥਾਨ ਤੇ ਰਹਿੰਦੀ ਹੈ ਅਤੇ ਅਜਿਹੇ ਸਥਾਨਾਂ ਤੋਂ ਬਚਦੀ ਹੈ, ਜਿਥੇ ਤੇਜ਼ ਪ੍ਰਕਾਸ਼ ਹੋਵੇ।



ਚਾਕੂ ਮੱਛੀ ਦੀ ਸਰੀਰਿਕ ਰਚਨਾ ਤਾਜ਼ੇ ਪਾਣੀ ਦੀਆਂ ਮੱਛੀਆਂ ਤੋਂ ਪੂਰੀ ਤਰ੍ਹਾਂ ਭਿੰਨ ਹੁੰਦੀ ਹੈ। ਇਸ ਦਾ ਸਰੀਰ ਪਤਲਾ ਅਤੇ ਚੌੜਾ ਹੁੰਦਾ ਹੈ ਅਤੇ ਇਹ ਆਸੇ-ਪਾਸੇ ਤੋਂ ਬਹੁਤ ਚਪਟੀ ਹੁੰਦੀ ਹੈ। ਚਾਕੂ ਮੱਛੀ ਦੇ ਸਰੀਰ ਦੇ ਕਿਨਾਰੇ ਬਲੈਡ ਵਾਂਗ ਹੁੰਦੇ ਹਨ। ਇਸ ਦੀ ਪੂਛ ਲੰਮੀ ਹੁੰਦੀ ਹੈ ਅਤੇ ਪੂਛ ਦਾ ਸਿਰਾ ਨੁਕੀਲਾ ਹੁੰਦਾ ਹੈ।

ਚਾਕੂ ਮੱਛੀ ਇੱਕ ਛੋਟੀ ਮੱਛੀ ਹੈ। ਇਸ ਦੇ ਸਰੀਰ ਦੀ ਲੰਬਾਈ 15 ਸੈਂਟੀਮੀਟਰ ਤੋਂ ਲੈ ਕੇ 30 ਸੈਂਟੀਮੀਟਰ ਤਕ ਹੁੰਦੀ ਹੈ ਪ੍ਰੰਤੂ ਕਦੇ-ਕਦੇ ਇਸ ਤੋਂ ਕੁੱਝ ਜ਼ਿਆਦਾ ਲੰਮੀਆਂ ਚਾਕੂ ਮੱਛੀਆਂ ਵੀ ਵੇਖਣ ਨੂੰ ਮਿਲ ਜਾਂਦੀਆਂ ਹਨ। ਚਾਕੂ ਮੱਛੀਆਂ ਦੇ ਸਰੀਰ ਦੇ ਰੰਗ ਜ਼ਿਆਦਾ ਦਿਲ-ਖਿਚਵੇਂ ਨਹੀਂ ਹੁੰਦੇ। ਇਸ ਦੀ ਪਿੱਠ ਅਤੇ ਸਰੀਰ ਦੇ ਉਪਰ ਦਾ ਹਿੱਸਾ ਹਲਕੇ ਕਥਈ ਰੰਗ ਦਾ ਹੁੰਦਾ ਹੈ। ਪੇਟ ਅਤੇ ਸਰੀਰ ਦੇ ਹੇਠਾਂ ਦਾ ਹਿਸਾ ਇਸ ਤੋਂ ਵੀ ਹਲਕੇ ਰੰਗ ਦਾ ਹੁੰਦਾ ਹੈ। ਚਾਕੂ ਮੱਛੀ ਦੇ ਸਰੀਰ ਦੇ ਸਾਰੇ ਮੀਨਖੰਭ ਬਹੁਤ ਛੋਟੇ ਹੁੰਦੇ ਹਨ ਪ੍ਰੰਤੂ ਕੂਹਲੇ ਦਾ ਮੀਨਖੰਭ ਕਾਫੀ ਵੱਡਾ ਅਤੇ ਲੰਮਾ ਹੁੰਦਾ ਹੈ। ਇਹ ਸਰੀਰ ਦੇ ਵਿਚਲੇ ਹਿੱਸੇ ਤੋਂ ਸ਼ੁਰੂ ਹੁੰਦਾ ਹੈ ਅਤੇ ਪੂਛ ਦੇ ਕੋਲ ਤਕ ਚਲਾ ਜਾਂਦਾ ਹੈ।

ਚਾਕੂ ਮੱਛੀ ਦੀ ਇੱਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਇਹ ਨਦੀਆਂ ਅਤੇ ਤਲਾਬਾਂ ਦੇ ਘੱਟ ਆਕਸੀਜਨ ਵਾਲੇ ਪਾਣੀ ਵਿੱਚ ਵੀ ਬੜੀ ਸਰਲਤਾ ਨਾਲ ਰਹਿ ਸਕਦੀ ਹੈ। ਇਹ ਸਮੇਂ - ਸਮੇਂ ਤੇ ਪਾਣੀ ਦੀ ਸਤਹ ਤੇ ਆਉਂਦੀ ਹੈ ਅਤੇ ਆਪਣੇ ਗਲਫੜਿਆਂ ਦੇ ਕੋਲ ਦੇ ਸਵਿਮ ਬਲੈਡਰ ਵਿੱਚ ਹਵਾ ਭਰ ਲੈਂਦੀ ਹੈ। ਇਸ ਦੇ ਬਾਦ ਇਹ ਪਾਣੀ ਦੇ ਅੰਦਰ ਚਲੀ ਜਾਂਦੀ ਹੈ। ਚਾਕੂ ਮੱਛੀ ਆਪਣੇ ਗਲਫੜਿਆਂ ਨਾਲ ਵੀ ਸਾਹ ਲੈਂਦੀ



ਹੈ। ਇਸ ਦੇ ਨਾਲ ਹੀ ਇਹ ਆਪਣੇ ਗਲਫੜਿਆਂ ਦੇ ਕੋਲ ਖਾਲੀ ਸਥਾਨ ਵਿੱਚ ਭਰੀ ਹੋਈ ਹਵਾ ਦਾ ਵੀ ਉਪਯੋਗ ਕਰਦੀ ਹੈ। ਇਸ ਤਰ੍ਹਾਂ ਇਹ ਪਾਣੀ ਦੀ ਆਕਸੀਜਨ ਦੀ ਕਮੀ ਨੂੰ ਪੂਰਾ ਕਰ ਲੈਂਦੀ ਹੈ ਅਤੇ ਘੱਟ ਆਕਸੀਜਨ ਵਾਲੇ ਪਾਣੀ ਵਿੱਚ ਵੀ ਸਰਲਤਾ ਨਾਲ ਰਹਿ ਲੈਂਦੀ ਹੈ। ਚਾਕੂ ਮੱਛੀ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਹ ਹਵਾ ਤੋਂ ਆਕਸੀਜਨ ਲੈਣ ਦੇ ਬਾਦ ਕਾਰਬਨਡਾਈਆਕਸਾਇਡ ਭਰਪੂਰ ਹਵਾ ਆਪਣੇ ਪੇਟ, ਆਂਤੜੀਆਂ ਅਤੇ ਮਲਦੁਆਰ ਰਾਹੀਂ ਬਾਹਰ ਕੱਢਦੀ ਹੈ। ਚਾਕੂ ਮੱਛੀ ਦੇ ਸਰੀਰ ਦੇ ਸਾਰੇ ਮਹੱਤਵਪੂਰਣ ਅੰਗ ਪਾਚਣਤੰਤਰ ਦੇ ਅੰਗ ਅਤੇ ਪੇਟ ਵਿੱਚ ਪਾਏ ਜਾਣ ਵਾਲੇ ਹੋਰ ਅੰਗ ਸਿਰ ਦੇ ਪਿੱਛੇ ਦੇ ਇੱਕ ਛੋਟੇ ਜਿਹੇ ਹਿੱਸੇ ਵਿੱਚ ਹੁੰਦੇ ਹਨ।


ਚਾਕੂ ਮੱਛੀ ਨਦੀਆਂ ਅਤੇ ਤਾਲਾਬਾਂ ਦੇ ਤਾਜੇ ਪਾਣੀ ਵਿੱਚ ਮਿਲਣ ਵਾਲੇ ਜੀਵ-ਜੰਤੂਆਂ ਤੋਂ ਲੈ ਕੇ ਪਾਣੀ ਵਾਲੇ ਪੌਦਿਆਂ ਤਕ ਖਾਂਦੀ ਹੈ। ਚਾਕੂ ਮੱਛੀ ਦਿਨ ਦੇ ਸਮੇਂ ਤਾਜ਼ੇ ਪਾਣੀ ਦੇ ਪੌਦਿਆਂ ਦੇ ਵਿੱਚ ਲੁਕੀ ਰਹਿੰਦੀ ਹੈ ਅਤੇ ਹਨ੍ਹੇਰਾ ਹੋਣ ਤੋਂ ਕੁੱਝ ਸਮਾਂ ਪਹਿਲਾਂ ਹੀ ਭੋਜਨ ਦੀ ਭਾਲ ਵਿੱਚ ਨਿਕਲਦੀ ਹੈ। ਇਹ ਬੜੀ ਪੇਟੂ ਹੁੰਦੀ ਹੈ ਅਤੇ ਸ਼ਾਮ ਤੋਂ ਲੈ ਕੇ ਅਗਲੇ ਦਿਨ ਰਾਤ ਹੋਣ ਤਕ ਭੋਜਨ ਕਰਦੀ ਹੈ। ਚਾਕੂ ਮੱਛੀ ਪਾਣੀ ਦੇ ਪਿੱਸੂ ਅਤੇ ਛੋਟੀਆਂ-ਛੋਟੀਆਂ ਮੱਛੀਆਂ ਦਾ ਵੀ ਸ਼ਿਕਾਰ ਕਰਦੀ ਹੈ। ਚਾਕੂ ਮੱਛੀ ਨੂੰ ਪਾਣੀ ਦੇ ਪੌਦੇ ਖਾਂਦੇ ਹੋਏ ਵੀ ਵੇਖਿਆ ਜਾ ਸਕਦਾ ਹੈ।

ਚਾਕੂ ਮੱਛੀ ਏਕਵੇਰੀਅਮ ਵਿੱਚ ਵੀ ਕੁਦਰਤੀ ਹਾਲਾਤ ਦੇ ਵਾਂਗ ਭੋਜਨ ਕਰਦੀ ਹੈ। ਏਕਵੇਰੀਅਮ ਵਿੱਚ ਇਸ ਨੂੰ ਪਾਣੀ ਦੇ ਪਿੱਸੂ ਅਤੇ ਕੀੜਿਆਂ ਵਰਗੇ ਜੀਵਾਂ ਦੇ ਮਾਸ ਦੇ ਛੋਟੇ-ਛੋਟੇ ਟੁਕੜੇ ਵੀ ਖਾਣ ਲਈ ਦਿੱਤੇ ਜਾਂਦੇ ਹਨ, ਜਿਹਨਾਂ ਨੂੰ ਇਹ ਬੜੇ ਸਵਾਦ ਨਾਲ ਖਾਂਦੀ ਹੈ। ਏਕਵੇਰੀਅਮ ਵਿੱਚ ਰਹਿਣ ਵਾਲੀਆਂ ਚਾਕੂ ਮੱਛੀਆਂ ਦਾ ਭੋਜਨ ਛੋਟੇ-ਛੋਟੇ ਜੀਵ-ਜੰਤੂ ਅਤੇ ਮਾਸ ਦੇ ਟੁਕੜੇ ਮੰਨੇ ਜਾਂਦੇ ਹਨ। ਇਸ ਨਾਲ ਇਹਨਾਂ ਦਾ ਵਿਕਾਸ ਹੁੰਦਾ ਹੈ ਅਤੇ ਇਹ ਨਿਰੋਗ ਰਹਿੰਦੀ ਹੈ। ਚਾਕੂ ਮੱਛੀ ਦੇ ਸਰੀਰ ਵਿੱਚ ਵਿਲੱਖਣ ਤਾਕਤ ਹੁੰਦੀ ਹੈ। ਇਸ ਦੀ ਪੂਛ ਜੇਕਰ ਕੱਟ ਦਿੱਤੀ ਜਾਏ ਜਾਂ ਸਰੀਰ ਤੋਂ ਵੱਖ ਕਰ ਦਿੱਤੀ ਜਾਏ ਤਾਂ ਇਹ ਫਿਰ ਨਿਕਲ ਆਉਂਦੀ ਹੈ। ਏਕਵੇ ਰੀਅਮ ਵਿੱਚ ਚਾਕੂ ਮੱਛੀਆਂ ਦੀ ਲਹਿਰਾਉਂਦੀ ਹੋਈ ਪੂਛ ਹਮੇਸ਼ਾਂ ਬਾਕੀ ਮੱਛੀਆਂ ਕੱਟ ਲੈਂਦੀਆਂ ਹਨ। ਅਜਿਹਾ ਹੋਣ ਤੇ ਤਿੰਨ ਦਿਨ ਦੇ ਅੰਦਰ ਕਟੀ ਹੋਈ ਪੂਛ ਦੇ ਸਥਾਨ ਤੇ ਨਵੀਂ ਪੂਛ ਨਿਕਲਣੀ ਸ਼ੁਰੂ ਹੋ ਜਾਂਦੀ ਹੈ।

ਚਾਕੂ ਮੱਛੀ ਨੂੰ ਏਕਵੇਰੀਅਮ ਵਿੱਚ ਰੱਖਣਾ ਅਤੇ ਪਾਲਤੂ ਬਣਾਉਣਾ ਬੜਾ ਆਸਾਨ ਹੈ ਪ੍ਰੰਤੂ ਇਸ ਨੂੰ ਰੱਖਣ ਲਈ ਵੱਡਾ ਏਕਵੇਰੀਅਮ ਚਾਹੀਦਾ ਹੈ। ਇਸ ਦੇ ਨਾਲ ਹੀ ਏਕਵੇਰੀਅਮ ਵਿੱਚ ਬਹੁਤ ਸਾਰੇ ਪਾਣੀ ਵਾਲੇ ਪੌਦੇ ਵੀ ਹੋਣੇ ਚਾਹੀਦੇ ਹਨ ਜਿਹਨਾਂ ਵਿੱਚ ਇਹ ਲੁਕ ਸਕੇ ਅਤੇ ਕੁਦਰਤੀ ਅਵਸਥਾ ਦਾ ਆਨੰਦ ਲੈ ਸਕੇ। ▪

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

| | |
|---|---|
| 1. ਅਫ਼ਗਾਨੀ | 8. ਰਾਨੀ |
| 2. ਜਰਮਨੀ | 9. ਮ੍ਰਣਾਲਿਨੀ |
| 3. ਅੰਜਨੀ | 10. ਕਾਲਾਪਾਨੀ |
| 4. ਲੁੰਬਿਨੀ | 11. ਧੀਰੂ ਭਾਈ ਅੰਬਾਨੀ |
| 5. ਮਾਰਕੋਨੀ | 12. ਮਹਿੰਦਰ ਸਿੰਘ ਧੋਨੀ |
| 6. ਭਵਾਨੀ | 13. ਸੰਜੀਵਨੀ (ਬੂਟੀ) |
| 7. ਸਿਡਨੀ | 14. ਜਰਮਨੀ |



# ਮੇਰੇ ਬਗੀਚੇ ਵਿੱਚ

– ਸ਼ਾਮਸੁੰਦਰ

ਸਵੇਰੇ ਕੋਇਲ ਗਾਉਂਦੀ ਮੇਰੇ ਬਗੀਚੇ ਵਿੱਚ।
ਮਿੱਠੇ-ਮਿੱਠੇ ਗੀਤ ਸੁਣਾਉਂਦੀ ਮੇਰੇ ਬਗੀਚੇ ਵਿੱਚ।

ਭੌਰੇ ਗੁਨ-ਗੁਨ ਰਾਗ ਛੇੜਦੇ, ਫੁੱਲਾਂ ਤੇ ਮੰਡਰਾਉਂਦੇ,
ਤਿਤਲੀ ਕੋਮਲ ਖੰਭ ਹਿਲਾਉਂਦੀ ਮੇਰੇ ਬਗੀਚੇ ਵਿੱਚ।

ਫੁੱਲ ਡੋਲਦੇ ਖੰਭ ਖੋਲ੍ਹਦੇ ਮਹਿਕ-ਮਹਿਕ ਇਤਰਾਉਂਦੇ,
ਕਲੀਆਂ ਵੀ ਹਨ ਮਹਿਕ ਦਿੰਦੀਆਂ ਮੇਰੇ ਬਗੀਚੇ ਵਿੱਚ।

ਗੇਂਦਾ ਅਤੇ ਗੁਲਾਬ ਮਹਿਕਦੇ ਟੇਸੂ ਰੰਗ ਵਿਖਾਉਂਦੇ,
ਚੰਪਾ, ਜੂਹੀ ਅਤੇ ਚੰਮੇਲੀ ਮੇਰੇ ਬਗੀਚੇ ਵਿੱਚ।

ਰੋਜ਼ ਚਹਿਕਦੇ ਪੰਛੀ ਪਿਆਰੇ ਚਹਿਕ-ਚਹਿਕ ਕੁੱਝ ਕਹਿੰਦੇ,
ਕੁੱਦ-ਕੁੱਦ ਕੇ ਚਿੜੀ ਇਤਰਾਉਂਦੀ ਮੇਰੇ ਬਗੀਚੇ ਵਿੱਚ।

ਨਿੰਬੂ ਜਾਮਣ, ਅੰਬ ਸੰਤਰਾ, ਪੱਕੇ ਹੋਏ ਅਮਰੂਦ,
ਕੁਤਰ-ਕੁਤਰ ਮੈਨਾ ਹੈ ਖਾਂਦੀ ਮੇਰੇ ਬਗੀਚੇ ਵਿੱਚ।



# ਸਾਹਸੀ ਕਿਸ਼ੋਰ

– ਰਾਮਕੁਮਾਰ



ਆਜ਼ਾਦੀ ਤੋਂ ਪਹਿਲਾਂ ਦੀ ਗੱਲ ਹੈ ਇਹ। ਉਹਨੀਂ ਦਿਨੀਂ ਆਜ਼ਾਦੀ ਦਾ ਅੰਦੋਲਨ ਜ਼ੋਰਾਂ ਤੇ ਸੀ। ਦੇਸ਼ ਦਾ ਬੱਚਾ-ਬੱਚਾ ਆਜ਼ਾਦੀ ਦੀ ਖਾਤਿਰ ਮਰ-ਮਿਟਣ ਨੂੰ ਤਤਪਰ ਸੀ। ਹਰ ਸ਼ਹਿਰ ਵਿੱਚ ਅਤੇ ਹਰ ਪਿੰਡ ਵਿੱਚ ਲੋਕ ਬ੍ਰਿਟਿਸ਼ ਸ਼ਾਸਨ ਦੇ ਖਿਲਾਫ ਖੁਲ੍ਹਾ ਵਿਰੋਧ ਜਾਹਿਰ ਕਰ ਰਹੇ ਸਨ। ਬ੍ਰਿਟਿਸ਼ ਸਰਕਾਰ ਆਜ਼ਾਦੀ ਦੇ ਇਸ ਅੰਦੋਲਨ ਨੂੰ ਪੂਰੀ ਸਖਤਾਈ ਨਾਲ ਦਬਾ ਰਹੀ ਸੀ। ਓਨੀਂ ਦਿਨੀ ਵਾਰਾਨਸੀ ਵਿੱਚ ਕੁਝ ਕ੍ਰਾਂਤੀਕਾਰੀਆਂ ਨੇ ਜਲੂਸ ਕੱਢਿਆ। ਜਲੂਸ ਹਾਲਾਂ ਨਗਰ ਦੇ ਪ੍ਰਮੁਖ ਚੌਰਾਹੇ ਤਕ ਵੀ ਨਹੀਂ ਪਹੁੰਚ ਸਕਿਆ ਸੀ ਕਿ ਭਾਰੀ ਗਿਣਤੀ ਵਿੱਚ ਪੁਲਿਸ ਆ ਧਮਕੀ ਅਤੇ ਆਨਨ-ਫਾਨਨ ਵਿੱਚ ਸਾਰੇ ਕ੍ਰਾਂਤੀਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਗ੍ਰਿਫ਼ਤਾਰ ਕੀਤੇ ਗਏ ਕ੍ਰਾਂਤੀਕਾਰੀਆਂ ਵਿੱਚ ਇਕ ਚੌਦਾ ਸਾਲਾਂ ਦਾ ਕਿਸ਼ੋਰ ਵੀ ਸੀ। ਜਦ ਅੰਗ੍ਰੇਜ਼ ਜਿਲਾ ਕੁਲੈਕਟਰ ਦੇ ਸਾਹਮਣੇ ਇਸ ਕਿਸ਼ੋਰ ਨੂੰ ਕਟਘਰੇ ਵਿੱਚ ਲਿਆਂਦਾ ਗਿਆ ਤਾਂ ਜਿਲਾ ਕੁਲੈਕਟਰ ਹੈਰਾਨੀ ਵਿੱਚ ਪੈ ਗਿਆ। ਉਸਨੇ ਉਚੀ ਆਵਾਜ਼ ਵਿੱਚ ਪੁੱਛਿਆ – ਤੁਹਾਡਾ ਨਾਮ?

ਆਜ਼ਾਦ – ਕਿਸ਼ੋਰ ਨੇ ਨਿਡਰਤਾ ਨਾਲ ਜਵਾਬ ਦਿੱਤਾ।

ਜਿਲਾ ਕੁਲੈਕਟਰ ਦਾ ਦੂਸਰਾ ਸਵਾਲ ਸੀ – ਨਿਵਾਸ ਸਥਾਨ?

ਜੇਲਖਾਨਾ।– ਦ੍ਰਿੜ ਸੁਰ ਵਿੱਚ ਉਸ ਕਿਸ਼ੋਰ ਦਾ ਜਵਾਬ ਸੀ।

ਕਿਸ਼ੋਰ ਦਾ ਇਹ ਉਟ-ਪਟਾਂਗ ਜਵਾਬ ਸੁਣ ਕੇ ਜਿਲਾ ਕੁਲੈਕਟਰ ਝੁੰਝਲਾ ਗਿਆ। ਲੇਕਿਨ ਫਿਰ ਕੁਝ ਸੋਚ ਕੇ ਉਸਨੇ ਉਹਨੂੰ ਸਮਝਾਉਣ ਦੇ ਲਹਿਜੇ ਵਿੱਚ ਕਿਹਾ– ਵੇਖ ਤੂੰ ਹਾਂਲਾ ਬੱਚਾ ਹੈ। ਸ਼ਾਇਦ ਗਲਤ ਲੋਕਾਂ ਦੇ ਬਹਿਕਾਵੇ ਵਿੱਚ ਆ ਕੇ ਇਸ ਖਤਰਨਾਕ ਅੰਦੋਲਨ ਨਾਲ ਤੂੰ ਜੁੜ ਗਿਆ ਹੈ। ਅਗਰ ਤੂੰ ਮਾਫ਼ੀ ਮੰਗ ਲਏਂ ਤਾਂ ਮੈਂ ਤੈਨੂੰ ਰਿਹਾ ਕਰ ਸਕਦਾ ਹਾਂ।

ਇਹ ਸੁਣ ਕੇ ਕਿਸ਼ੋਰ ਦਾ ਚਿਹਰਾ ਲਾਲ ਹੋ ਗਿਆ। ਉਸਨੇ ਤਪਾਕ ਨਾਲ ਕਿਹਾ– ਅਪਰਾਧੀ ਮੈਂ ਨਹੀਂ ਤੁਸੀਂ ਹੋ ਕਿਉਂਕਿ ਤੁਸੀਂ ਵਿਦੇਸ਼ੀ ਹੋ ਕੇ ਵੀ ਮੇਰੇ ਦੇਸ਼ ਤੇ ਕਬਜ਼ਾ ਕਰਕੇ ਬੈਠੇ ਹੋ। ਮਾਫ਼ੀ ਤਾਂ ਤੁਹਾਨੂੰ ਮੰਗਣੀ ਚਾਹੀਦੀ ਹੈ।

ਜਿਲਾ ਕੁਲੈਕਟਰ ਨੇ ਗੁੱਸੇ ਵਿੱਚ ਅੱਗ-ਬਬੂਲਾ ਹੋ ਕੇ ਉਹਨੂੰ ਕੈਦਖਾਨੇ ਦੀ ਸਜਾ ਸੁਣਾ ਦਿੱਤੀ ਲੇਕਿਨ ਕਿਸ਼ੋਰ ਦੇ ਚਿਹਰੇ ਤੇ ਅਫਸੋਸ ਦੀ ਸ਼ਿਕਨ ਤਕ ਨਹੀਂ ਸੀ। ਆਪ ਜਾਣਦੇ ਹੋ ਇਹ ਕਿਸ਼ੋਰ ਕੌਣ ਸੀ? ਇਹ ਸਾਹਸੀ ਕਿਸ਼ੋਰ ਸੀ– ਚੰਦਰਸ਼ੇਖਰ ਆਜ਼ਾਦ। ਜਿਨ੍ਹਾਂ ਨੂੰ ਅੱਜ ਵੀ ਅਸੀਂ ਆਦਰਸਹਿਤ ਯਾਦ ਕਰਦੇ ਹਾਂ।

ਬਾਲ ਕਹਾਣੀ

# ਚੌਥੇ ਸੇਵਕ ਦੀ ਬੁੱਧੀਮਾਨੀ

– ਬਾਵਾ ਸਿੰਘ



ਇੱਕ ਸੀ ਰਾਜਾ। ਉਸ ਨੇ ਇੱਕ ਵਾਰ ਆਪਣੇ ਚਾਰ ਸੇਵਕਾਂ ਨੂੰ ਘੋੜਾ ਖ੍ਰੀਦਣ ਭੇਜਿਆ। ਉਸ ਜਮਾਨੇ ਵਿੱਚ ਅਰਬ ਦੇ ਘੋੜੇ ਕਾਫੀ ਚੰਗੀ ਨਸਲ ਦੇ ਸਮਝੇ ਜਾਂਦੇ ਸਨ। ਚਾਰੇ ਸੇਵਕ ਬੀਆਬਾਨ ਜੰਗਲ ਅਤੇ ਕਠਿਨ ਰਾਹਾਂ ਨੂੰ ਪਾਰ ਕਰਕੇ ਅਰਬ ਗਏ ਅਤੇ ਉਹਨਾਂ ਨੇ ਉਥੋਂ ਇੱਕ ਚੰਗਾ ਜਿਹਾ ਘੋੜਾ ਖ੍ਰੀਦ ਲਿਆ। ਜਦ ਉਹ ਘਰ ਵਾਪਸ ਆ ਰਹੇ ਸਨ ਤਾਂ ਜਿਸ-ਜਿਸ ਸ਼ਹਿਰ ਤੋਂ ਗੁਜਰੇ ਲੋਕਾਂ ਨੇ ਘੋੜੇ ਨੂੰ ਬਹੁਤ ਪਸੰਦ ਕੀਤਾ। ਕੁੱਝ ਲੋਕਾਂ ਨੇ ਤਾਂ ਘੋੜੇ ਦੀ ਐਨੀ ਕੀਮਤ ਦੇਣੀ ਚਾਹੀ, ਜੋ ਉਸ ਦੀ ਖ੍ਰੀਦ ਤੋਂ ਕਈ ਗੁਣਾ ਜ਼ਿਆਦਾ ਸੀ।

ਕੁੱਝ ਸਮੇਂ ਤਕ ਤਾਂ ਉਹ ਘੋੜੇ ਨੂੰ ਖ੍ਰੀਦਣ ਵਾਲੇ ਲੋਕਾਂ ਨੂੰ ਟਾਲਦੇ ਰਹੇ, ਪਰ ਜਦ ਉਹਨਾਂ ਕੋਲ ਰੁਪਈਆਂ ਦੀ ਘਾਟ ਹੋਣ ਲੱਗੀ ਅਤੇ ਘੋੜੇ ਦੀ ਕੀਮਤ ਵਧਦੀ ਗਈ ਤਾਂ ਚਾਰਾਂ ਨੇ ਆਪਸ ਵਿੱਚ ਸਲਾਹ-ਮਸ਼ਵਰਾ ਕਰਕੇ ਘੋੜੇ ਨੂੰ ਚੰਗੀ ਕੀਮਤ ਤੇ ਵੇਚ ਦਿੱਤਾ। ਜਦ ਉਹ ਖਾਲੀ ਹੱਥ ਰਾਜੇ ਕੋਲ ਗਏ ਤਾਂ ਉਹਨਾਂ ਦੇ ਦੰਡ ਤੋਂ ਬਚਣ ਲਈ ਜੋ ਯੋਜਨਾ ਬਣਾਈ ਸੀ, ਉਸ ਤੇ ਅਮਲ ਕੀਤਾ। ਰਾਜਧਾਨੀ ਵਿੱਚ ਦਾਖਿਲ ਹੁੰਦੇ ਹੀ ਉਹਨਾਂ ਨੇ ਰੋਣਾ-ਪਿੱਟਣਾ ਸ਼ੁਰੂ ਕਰ ਦਿੱਤਾ।

ਰਾਜੇ ਨੇ ਪੁੱਛਿਆ – ਆਖਿਰ ਗੱਲ ਕੀ ਹੈ? ਤੁਸੀਂ ਰੋ ਕਿਉਂ ਰਹੇ ਹੋ, ਘੋੜਾ ਕਿਥੇ ਹੈ?

ਚਾਰਾਂ ਨੇ ਦੱਸਿਆ – ਮਹਾਰਾਜ! ਜਦ ਅਸੀਂ ਘੋੜੇ ਨੂੰ ਲੈ ਕੇ ਆ ਰਹੇ ਸੀ ਤਾਂ ਬੀਆਬਾਨ ਜੰਗਲ ਵਿੱਚ ਸਾਨੂੰ ਡਾਕੂ ਮਿਲ ਗਏ। ਉਹਨਾਂ ਨੇ ਸਾਨੂੰ ਰੁੱਖਾਂ ਨਾਲ ਬੰਨ੍ਹ ਦਿੱਤਾ ਅਤੇ ਘੋੜਾ ਲੈ ਕੇ ਭੱਜ ਗਏ। ਬੜੀ ਮੁਸ਼ਕਿਲ ਨਾਲ ਅਸੀਂ ਜਾਨ ਬਚਾ ਕੇ ਆਏ ਹਾਂ।

ਰਾਜੇ ਨੇ ਇਹਨਾਂ ਚਾਰਾਂ ਦੀ ਗੱਲ ਤੇ ਯਕੀਨ ਤਾਂ ਨਹੀਂ ਕੀਤਾ ਪ੍ਰੰਤੂ ਉਸ ਨੇ ਕਿਹਾ – ਚੰਗੀ ਗੱਲ ਹੈ ਅਜੇ ਤਾਂ ਆਰਾਮ ਕਰੋ ਕੱਲ ਗੱਲ ਕਰਾਂਗੇ।

ਅਗਲੇ ਦਿਨ ਸੇਵਕਾਂ ਦੀ ਸੱਚਾਈ ਪਰਖਣ ਲਈ ਰਾਜੇ ਨੇ ਸਭ ਤੋਂ ਪਹਿਲਾਂ ਇੱਕ ਸੇਵਕ ਨੂੰ ਬੁਲਾਇਆ ਅਤੇ ਬੜੇ ਪਿਆਰ ਨਾਲ ਉਸ ਨੂੰ ਪੁੱਛਿਆ–ਚਲੋ ਭਾਈ, ਘੋੜਾ ਗਿਆ ਜੋ ਗਿਆ। ਹੁਣ ਇਹ ਦੱਸੋ ਕਿ ਉਹ ਕਿਹੋ ਜਿਹਾ ਸੀ ਅਤੇ ਕਿਸ ਰੰਗ ਦਾ ਸੀ?

ਥੋੜੀ ਦੇਰ ਲਈ ਤਾਂ ਉਹ ਕੰਬ ਗਿਆ ਅਤੇ ਫਿਰ ਜਾਨ ਬਚਾਉਣ ਲਈ ਬੋਲਿਆ– ਮਹਾਰਾਜ! ਘੋੜਾ ਬਹੁਤ ਹੀ ਗਠੀਲੇ ਬਦਨ ਦਾ ਸੀ, ਉਸ ਦੀ ਮਸਤ ਚਾਲ ਸੀ, ਬੜਾ ਸੁੰਦਰ ਸੀ।

ਰਾਜਾ ਬੋਲਿਆ – ਉਹ ਤਾਂ ਸੀ, ਪਰ ਉਸ ਦਾ ਰੰਗ ਕਿਹੋ ਜਿਹਾ ਸੀ।

ਸੇਵਕ ਬੋਲਿਆ – ਮਹਾਰਾਜ, ਉਸ ਦਾ ਰੰਗ ਸਫੈਦ ਸੀ।

ਰਾਜਾ ਨੇ ਕਿਹਾ– ਚੰਗਾ, ਹੁਣ ਤੂੰ ਇਥੇ ਬੈਠ।

ਇਸਦੇ ਬਾਦ ਰਾਜੇ ਨੇ ਦੂਸਰੇ ਸੇਵਕ ਨੂੰ ਬੁਲਾਇਆ ਅਤੇ ਉਸ ਨੂੰ ਵੀ ਇਹੀ ਸਵਾਲ ਕੀਤਾ। ਉਸ ਸੇਵਕ ਨੇ ਦੱਸਿਆ – ਮਹਾਰਾਜ, ਘੋੜੇ ਦਾ ਰੰਗ ਮੁਸ਼ਕੀ ਸੀ।

ਰਾਜੇ ਦੇ ਹੁਕਮ ਨਾਲ ਤੀਸਰੇ ਨੂੰ ਹਾਜ਼ਿਰ ਕੀਤਾ ਗਿਆ। ਉਸ ਨੇ ਘੋੜੇ ਦਾ ਰੰਗ ਭੂਰਾ ਦੱਸਿਆ।

ਸਭ ਤੋਂ ਆਖਿਰ ਵਿੱਚ ਚੌਥੇ ਅਤੇ ਖਾਸ ਸੇਵਕ ਨੂੰ ਬੁਲਾਇਆ ਗਿਆ। ਉਸ ਨੇ ਆਉਂਦੇ ਹੀ ਬਾਕੀ ਤਿੰਨਾਂ ਸੇਵਕਾਂ ਦੇ ਚਿਹਰੇ ਤੇ ਨਜ਼ਰ ਮਾਰੀ ਅਤੇ ਉਹਨਾਂ ਦੇ ਚਿਹਰਿਆਂ ਦੀਆਂ ਹਵਾਈਆਂ ਉਡੀਆਂ ਵੇਖ ਕੇ ਉਹ ਭਾਪ ਗਿਆ ਕਿ ਦਾਲ ਵਿੱਚ ਜ਼ਰੂਰ ਕੁੱਝ ਕਾਲਾ ਹੈ। ਖੈਰ! ਉਸ ਚੌਥੇ ਸੇਵਕ ਦੇ ਸਾਹਮਣੇ ਵੀ ਉਹੀ ਸਵਾਲ ਦੁਹਰਾਇਆ ਗਿਆ ਕਿ ਉਸ ਘੋੜੇ ਦਾ ਰੰਗ ਕਿਹੜਾ ਸੀ?

ਸਵਾਲ ਸੁਣਦੇ ਹੀ ਚੌਥਾ ਸੇਵਕ ਇੱਕਦਮ ਸਮਝ ਗਿਆ ਕਿ ਇਹੀ ਸਵਾਲ ਪਹਿਲਾਂ ਉਸ ਦੇ ਤਿੰਨਾਂ ਸਾਥੀਆਂ ਤੋਂ ਵੀ ਪੁੱਛਿਆ ਗਿਆ ਹੋਵੇਗਾ ਅਤੇ ਕੋਈ ਜ਼ਰੂਰੀ ਨਹੀਂ ਕਿ ਤਿੰਨਾ ਨੇ ਹੀ ਘੋੜੇ ਦਾ ਰੰਗ ਇੱਕ ਹੀ ਦੱਸਿਆ ਹੋਵੇ। ਚੌਥਾ ਸੇਵਕ ਆਪਣੇ ਸੁਰ ਵਿੱਚ



ਗਹਿਰੀ ਉਦਾਸੀ ਘੋਲਦੇ ਹੋਏ ਬੋਲਿਆ– ਕੀ ਅਰਜ਼ ਕਰਾਂ ਹਜ਼ੂਰ? ਉਹ ਤਾਂ ਬੜਾ ਬੇਮਿਸਾਲ ਘੋੜਾ ਸੀ, ਉਸ ਦੀ ਇੱਕ ਅਨੋਖੀ ਖਾਸੀਅਤ ਦੀ ਖਾਤਿਰ ਹੀ ਤਾਂ ਅਸੀਂ ਉਸ ਦੀ ਐਨੀ ਕੀਮਤ ਚੁਕਾਈ ਸੀ। ਹਜ਼ੂਰ ਮੈਨੂੰ ਦੁੱਖ ਕੇਵਲ ਇਸ ਗੱਲ ਦਾ ਹੈ ਕਿ ਉਹ ਨਾਇਬ ਚੀਜ਼ ਆਪ ਨੂੰ ਦਿਖਾਏ ਬਿਨਾ ਉਹਨਾਂ ਬੇਰਹਿਮ ਡਾਕੂਆਂ ਨੇ ਲੁੱਟ ਲਈ।

ਰਾਜੇ ਦੀ ਜਿਗਿਆਸਾ ਵੱਧ ਗਈ ਆਖਿਰ ਅਜਿਹੀ ਕਿਹੜੀ ਗੱਲ ਸੀ ਘੋੜੇ ਵਿੱਚ?

ਹੁਣ ਚੌਥਾ ਸੇਵਕ ਘੋੜੇ ਦੀਆਂ ਵਿਸ਼ੇਸ਼ਤਾਵਾਂ ਦਾ ਬਿਆਨ ਕਰਦੇ ਹੋਏ ਬੋਲਿਆ– ਹਜ਼ੂਰ ਉਹ ਅਨੋਖਾ ਘੋੜਾ ਪਲ ਪਲ ਵਿੱਚ ਰੰਗ ਬਦਲਦਾ ਸੀ। ਕਦੇ ਉਹ ਦੁੱਧ ਦੀ ਤਰ੍ਹਾਂ ਚਿੱਟਾ ਹੋ ਜਾਂਦਾ ਤਾਂ ਕੁੱਝ ਦੇਰ ਵਿੱਚ ਮੁਸ਼ਕੀ ਰੰਗ ਦਾ ਹੋ ਜਾਂਦਾ ਅਤੇ ਵੇਖਦੇ ਹੀ ਵੇਖਦੇ ਭੂਰਾ ਹੋ ਜਾਂਦਾ।

ਹਾਲਾਂਕਿ ਰਾਜਾ ਆਪਣੇ ਸੇਵਕਾਂ ਦੇ ਝੂਠ ਬੋਲਣ ਅਤੇ ਮੱਕਾਰੀ ਤੇ ਨਾਰਾਜ਼ ਤਾਂ ਬਹੁਤ ਸੀ, ਲੇਕਿਨ ਉਹ ਮਨ ਹੀ ਮਨ ਚੌਥੇ ਸੇਵਕ ਦੀ ਚਤੁਰਾਈ ਅਤੇ ਬੁੱਧੀਮਾਨੀ ਤੇ ਮੋਹਿਤ ਹੋ ਗਿਆ। ਉਸ ਨੇ ਆਪਣੇ ਸੇਵਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ – ਤੁਸੀਂ ਲੋਕਾਂ ਨੇ ਝੂਠ ਬੋਲ ਕੇ ਬਹੁਤ ਹੀ ਨਿੰਦਾਯੋਗ ਕੰਮ ਕੀਤਾ ਹੈ ਅਤੇ ਉਸ ਦਾ ਦੰਡ ਤੁਹਾਨੂੰ ਮਿਲਣਾ ਚਾਹੀਦਾ ਹੈ ਪਰ ਮੈਂ ਮੁੱਖ ਸੇਵਕ ਦੀ ਬੁੱਧੀਮਾਨੀ ਤੋਂ ਪ੍ਰਭਾਵਿਤ ਹਾਂ ਅਤੇ ਇਸੇ ਕਾਰਣ ਅੱਜ ਤੁਹਾਨੂੰ ਮਾਫ਼ ਕਰਦਾ ਹਾਂ।

– ਮੁਸ਼ਕਿਲ ਸਮੇਂ ਵਿੱਚ ਵੀ ਜੋ ਆਪਣੀ ਬੁੱਧੀ ਨੂੰ ਜਾਗ੍ਰਿਤ ਅਤੇ ਚੇਤਨ ਰੱਖਦਾ ਹੈ ਉਹ ਸਾਰੀਆਂ ਰੁਕਾਵਟਾਂ ਨੂੰ ਪਾਰ ਕਰ ਜਾਂਦਾ ਹੈ।

# ਸ਼ੁਤਰਮੁਰਗ

## ਸਭ ਤੋਂ ਤੇਜ਼ ਦੌੜਾਕ ਪੰਛੀ

- ਵਿਦਿਆ ਪ੍ਰਕਾਸ਼

ਦੁਨੀਆਂ ਵਿੱਚ ਸਭ ਤੋਂ ਤੇਜ਼ ਦੌੜਨ ਵਾਲਾ, ਸਭ ਤੋਂ ਵੱਡਾ ਅਤੇ ਸਭ ਤੋਂ ਭਾਰੀ ਪੰਛੀ ਜੇਕਰ ਕੋਈ ਹੈ ਤਾਂ ਉਹ ਹੈ ਸ਼ੁਤਰਮੁਰਗ। ਇਸ ਪੰਛੀ ਦਾ ਇੱਕ ਹੋਰ ਨਾਮ ਹੈ ਆਸਟ੍ਰਚ, ਜੋ ਅਫਰੀਕਾ ਦੇ ਜੰਗਲਾਂ ਅਤੇ ਰੇਗਿਸਤਾਨ ਵਿੱਚ ਬਹੁਤ ਜ਼ਿਆਦਾ ਮਿਲਦਾ ਹੈ। ਸ਼ੁਤਰਮੁਰਗ ਆਮਤੌਰ ਤੇ ਦਸ-ਬਾਰਾਂ ਦੇ ਸਮੂਹ ਵਿੱਚ ਰਹਿਣਾ ਪਸੰਦ ਕਰਦੇ ਹਨ। ਸ਼ੁਤਰਮੁਰਗ ਦਾ ਜੀਵਨਕਾਲ 30-40 ਸਾਲ ਹੁੰਦਾ ਹੈ। ਇਸ ਦੀ ਅੱਖਾਂ ਪ੍ਰਿਥਵੀ ਤੇ ਮੌਜੂਦ ਕਿਸੇ ਵੀ ਜੰਤੂ ਦੀਆਂ ਅੱਖਾਂ ਦੇ ਆਕਾਰ ਤੋਂ ਵੱਡੀਆਂ ਹੁੰਦੀਆਂ ਹਨ।

ਸ਼ੁਤਰਮੁਰਗ ਵਿਸ਼ਵ ਵਿੱਚ ਸਭ ਤੋਂ ਤੇਜ਼ ਦੌੜਨ ਵਾਲਾ ਪੰਛੀ ਹੈ। ਇਹ ਹਵਾ ਵਿੱਚ ਨਹੀਂ ਉਡ ਸਕਦਾ ਲੇਕਿਨ ਆਪਣੀ ਛਾਲ ਵਿੱਚ 10 ਤੋਂ 16 ਫੁੱਟ ਅਰਥਾਤ 3 ਤੋਂ 5 ਮੀਟਰ ਤਕ ਦੀ ਦੂਰੀ ਆਸਾਨੀ ਨਾਲ ਤੈਅ ਕਰ ਸਕਦਾ ਹੈ। ਸ਼ੁਤਰਮੁਰਗ ਇੱਕ ਘੰਟੇ ਅੰਦਰ 43 ਮੀਲ ਅਰਥਾਤ 70 ਕਿਲੋਮੀਟਰ ਦੀ ਦੂਰੀ ਤੈਅ ਕਰ ਲੈਂਦਾ ਹੈ ਅਤੇ ਲਗਾਤਾਰ ਦੌੜ ਕੇ ਉਹ ਇੱਕ ਘੰਟੇ ਵਿੱਚ 31 ਮੀਲ ਅਰਥਾਤ 50 ਕਿਲੋਮੀਟਰ ਦੀ ਦੂਰੀ ਹਵਾ ਵਿੱਚ ਜੰਪ ਲਗਾਏ ਬਿਨਾ ਕਵਰ ਕਰ ਸਕਦਾ ਹੈ। ਉਹ ਆਪਣੇ ਖੰਭਾਂ ਦਾ ਇਸਤੇਮਾਲ ਦੌੜਦੇ ਸਮੇਂ ਆਪਣੀ ਦਿਸ਼ਾ ਤਬਦੀਲ ਕਰਨ ਲਈ ਕਰਦਾ ਹੈ। ਉਸ ਦੇ ਪੈਰ ਬਹੁਤ ਹੀ ਮਜ਼ਬੂਤ ਅਤੇ ਲੰਮੇ ਹੁੰਦੇ ਹਨ ਜਿਸ ਦਾ ਇਸਤੇਮਾਲ ਉਹ ਦੌੜਨ ਵਿੱਚ ਤਾਂ ਕਰਦਾ ਹੀ ਹੈ, ਆਤਮਰੱਖਿਆ ਵੀ ਕਰਦਾ ਹੈ।

ਇੱਕ ਪ੍ਰਕਾਰ ਨਾਲ ਉਹ ਆਪਣੇ ਲੰਮੇ ਪੈਰਾਂ ਦਾ ਇਸਤੇਮਾਲ ਹਥਿਆਰ ਦੇ ਤੌਰ ਤੇ ਵੀ ਕਰਦਾ ਹੈ। ਉਂਞ ਉਹ ਆਮਤੌਰ ਤੇ ਸ਼ਾਂਤੀਪ੍ਰਿਯ ਪੰਛੀ ਹੈ। ਜੇਕਰ ਉਹ ਆਪਣੇ ਬਚਾਉ ਵਿੱਚ ਕਿਸੇ ਵਿਅਕਤੀ ਤੇ ਪੈਰਾਂ ਨਾਲ ਹਮਲਾ ਕਰ ਦੇਵੇ ਤਾਂ ਇਸ ਨਾਲ ਉਸ ਦੀ ਜਾਨ ਤਕ ਜਾ ਸਕਦੀ ਹੈ। ਸ਼ੁਤਰਮੁਰਗ ਦਾ ਆਂਡਾ ਆਕਾਰ ਵਿੱਚ ਐਨਾ ਵੱਡਾ ਹੁੰਦਾ ਹੈ ਕਿ ਉਸ ਨੂੰ ਫੜਨ ਲਈ ਵਿਅਕਤੀ ਨੂੰ ਆਪਣੇ ਦੋਵਾਂ ਹੱਥਾਂ ਦਾ ਇਸਤੇਮਾਲ ਕਰਨਾ ਪੈਂਦਾ ਹੈ। ਸ਼ੁਤਰਮੁਰਗ ਦਾ ਇੱਕ ਆਂਡਾ ਮੁਰਗੀ ਦੇ ਦੋ ਦਰਜਨ ਆਂਡਿਆਂ ਦੇ ਬਰਾਬਰ ਹੁੰਦਾ ਹੈ, ਜਿਸ ਦਾ ਵਜਨ ਲਗਭਗ ਤਿੰਨ ਪੌਂਡ ਹੁੰਦਾ ਹੈ। ਇਸ ਦੇ ਇੱਕ ਆਂਡੇ ਵਿੱਚ ਲਗਭਗ ਦੋ ਹਜ਼ਾਰ ਕੈਲਰੀ ਦੀ ਮਾਤਰਾ ਹੁੰਦੀ ਹੈ। ਇਸਤੇਮਾਲ ਕਰਨ ਲਈ ਇਸ ਦੇ ਆਂਡੇ ਨੂੰ ਘੱਟੋ-ਘੱਟ 40 ਮਿੰਟ ਤਕ ਪਾਣੀ ਵਿੱਚ ਉਬਾਲਣ ਦੀ ਲੋੜ ਪੈਂਦੀ ਹੈ। ਕਾਲਾਹਾਰੀ ਮਾਰੂਥਲ (ਅਫਰੀਕਾ) ਦੇ ਨਿਵਾਸੀ ਸ਼ੁਤਰਮੁਰਗ ਦੇ ਆਂਡੇ ਦੀ ਉਪਰੀ ਸਤ੍ਹਾ ਅਰਥਾਤ ਛਿਲਕੇ ਦਾ ਇਸਤੇਮਾਲ ਵਾਟਰ ਕੰਟੇਨਰ ਦੇ ਰੂਪ ਵਿੱਚ ਕਰਦੇ ਹਨ।

ਸ਼ੁਤਰਮੁਰਗ ਵਿਸ਼ਵ ਦਾ ਸਭ ਤੋਂ ਭਾਰੀ ਪੰਛੀ ਹੈ। ਆਮਤੌਰ ਤੇ ਇਸ ਦਾ ਵਜ਼ਨ 100 ਤੋਂ 160 ਕਿਲੋਗ੍ਰਾਮ ਹੁੰਦਾ ਹੈ। ਇਹ ਖਾਸਤੌਰ ਤੇ ਰੁੱਖ-ਪੌਦਿਆਂ, ਕੀਟ-ਪਤੰਗਿਆਂ ਅਤੇ ਛੋਟੇ ਜੀਵ-ਜੰਤੂਆਂ ਨੂੰ ਹੀ ਖਾਂਦਾ ਹੈ।

ਮਾਦਾ ਸ਼ੁਤਰਮੁਰਗ ਰੇਤ ਵਿੱਚ ਬਣੇ ਛੇਕਾਂ ਵਿੱਚ ਇੱਕ ਵਾਰ ਵਿੱਚ 12 ਤੋਂ 18 ਆਂਡੇ ਦਿੰਦੀ ਹੈ। ਇਹ ਆਂਡੇ 15 ਤੋਂ 20 ਸੈਂਟੀਮੀਟਰ ਲੰਮੇ ਅਤੇ ਇੱਕ ਕਿਲੋ 700 ਗ੍ਰਾਮ ਤਕ ਵਜਨੀ ਹੁੰਦੇ ਹਨ। ਇਹਨਾਂ ਦਾ ਵਿਆਸ 10 ਤੋਂ 15ਸੈਂਟੀਮੀਟਰ ਤਕ ਹੁੰਦਾ ਹੈ। ਆਂਡੇ ਨੂੰ ਸੇਕਣ ਦਾ ਕੰਮ ਦਿਨ ਵਿੱਚ ਮਾਦਾ ਅਤੇ ਰਾਤ ਨੂੰ ਨਰ ਦੁਆਰਾ ਕੀਤਾ ਜਾਂਦਾ ਹੈ। 42 ਤੋਂ 45 ਦਿਨਾਂ ਬਾਅਦ ਆਂਡਿਆਂ ਵਿੱਚੋਂ ਬੱਚੇ ਨਿਕਲਦੇ



ਹਨ। ਮਾਦਾ ਸ਼ੁਤਰਮੁਰਗ ਆਪਣੇ ਖੰਭਾਂ ਨਾਲ ਆਪਣੇ ਬੱਚਿਆਂ ਨੂੰ ਢੱਕ ਕੇ ਉਹਨਾਂ ਦੀ ਰੱਖਿਆ ਕਰਦੀ ਹੈ। ਇੱਕ ਮਹੀਨੇ ਵਿੱਚ ਬੱਚਿਆਂ ਦਾ ਕੱਦ ਇੱਕ ਫੁੱਟ ਵੱਧ ਜਾਂਦਾ ਹੈ। ਮਾਦਾ ਸ਼ੁਤਰਮੁਰਗ ਆਪਣੇ ਬੱਚਿਆਂ ਦੀ ਰੱਖਿਆ ਲਈ ਹਿੰਸਕ ਜੰਗਲੀ ਜਾਨਵਰਾਂ ਨਾਲ ਭਿੜ ਜਾਣ ਵਿੱਚ ਵੀ ਨਹੀਂ ਹਿਚਕਿਚਾਉਂਦੀ।

ਇਸ ਦਾ ਮੁੱਖ ਭੋਜਨ ਝਾੜੀਆਂ ਦੇ ਪੱਤੇ, ਘਾਹ, ਬੀਜ, ਫਲ ਆਦਿ ਹਨ। ਉਂਝ ਇਹ ਛੋਟੀਆਂ-ਛੋਟੀਆਂ ਚਿੜੀਆਂ ਅਤੇ ਕੀਟ-ਪਤੰਗਿਆਂ ਨੂੰ ਵੀ ਖਾ ਲੈਂਦਾ ਹੈ। ਇਸ ਦੀ ਪਾਚਨ ਸ਼ਕਤੀ ਐਨੀ ਅਦਭੁਤ ਹੈ ਕਿ ਇਹ ਹਰੇਕ ਵਸਤੂ ਨੂੰ ਪਚਾ ਸਕਦਾ ਹੈ। ਚਮਕੀਲੀ ਵਸਤੂਆਂ ਇਸ ਨੂੰ ਬੇਹੱਦ ਪਸੰਦ ਹਨ। ਸਿੱਕੇ, ਹੀਰੇ, ਪਲੱਗ ਆਦਿ ਇਹ ਆਰਾਮ ਨਾਲ ਖਾ ਜਾਂਦਾ ਹੈ। ਇੱਕ ਵਾਰ ਇੱਕ ਸ਼ਤੁਰਮੁਰਗ ਦੇ ਢਿੱਡ ਵਿੱਚੋਂ ਪੰਜਾਹ ਤੋਂ ਵੀ ਵੱਧ ਹੀਰੇ ਨਿਕਲੇ ਸਨ।

ਕ੍ਰੋਧ ਵਿੱਚ ਸ਼ੁਤਰਮੁਰਗ ਬਹੁਤ ਹੀ ਹਮਲਾਵਰ ਅਤੇ ਘਾਤਕ ਹੋ ਜਾਂਦਾ ਹੈ। ਹਮਲੇ ਦੇ ਵਕਤ ਇਹ ਆਪਣੀਆਂ ਲੰਮੀਆਂ ਲੱਤਾਂ ਅਤੇ ਮਜ਼ਬੂਤ ਚੁੰਝ ਦਾ ਇਸਤੇਮਾਲ ਕਰਦਾ ਹੈ। ਇਸ ਦੀਆਂ ਟੰਗਾਂ ਦੀ ਹਿੰਸਕ ਮਾਰ ਤੋਂ ਪਸ਼ੂ ਵੀ ਬਚਣ ਦਾ ਯਤਨ ਕਰਦੇ ਹਨ। ਕ੍ਰੋਧ ਦੀ ਹਾਲਤ ਵਿੱਚ ਇਸ ਦੀ ਚੁੰਝ ਦੇ ਵਾਰ ਦੀ ਤਾਕਤ ਐਨੀ ਜ਼ਿਆਦਾ ਹੁੰਦੀ ਹੈ ਕਿ ਉਹ ਲੋਹੇ ਦੀ ਚਾਦਰ ਤਕ ਵਿੱਚ ਛੇਕ ਕਰ ਸਕਦਾ ਹੈ।

ਇਸ ਪੰਛੀ ਦੇ ਖੰਭ ਬੜੇ ਖ਼ੂਬਸੂਰਤ ਹੁੰਦੇ ਹਨ। ਦੱਖਣੀ ਅਫਰੀਕਾ, ਮਿਸਰ, ਅਲਜੀਰੀਆ ਆਦਿ ਦੇਸ਼ਾਂ ਵਿੱਚ ਕਈ 'ਸ਼ੁਤਰਮੁਰਗ ਫਾਰਮ' ਹਨ, ਜਿਥੇ ਇਹਨਾਂ ਨੂੰ ਕਾਰੋਬਾਰ ਦੇ ਰੂਪ ਵਿੱਚ ਪਾਲਿਆ ਜਾਂਦਾ ਹੈ। ਹਰੇਕ ਅੱਠ ਮਹੀਨਿਆਂ ਵਿੱਚ ਇੱਕ ਵਾਰ ਇਹਨਾਂ ਪਾਲਤੂ ਸ਼ੁਤਰਮੁਰਗਾਂ ਦੇ ਖੰਭ ਕੱਢ ਕੇ ਉਹਨਾਂ ਦਾ ਨਿਰਯਾਤ ਕਰਕੇ ਵਿਦੇਸ਼ੀ ਮੁਦਰਾ ਕਮਾਈ ਜਾਂਦੀ ਹੈ। ਇਸ ਦੇ ਇਲਾਵਾ ਇਹ 'ਸ਼ੁਤਰਮੁਰਗ ਫਾਰਮ' ਵਿਦੇਸ਼ੀ ਸੈਲਾਨੀਆਂ ਲਈ ਵੀ ਖਿਚ ਦਾ ਕੇਂਦਰ ਬਣੇ ਹੋਏ ਹਨ। ਇਥੇ ਸ਼ੁਤਰਮੁਰਗ ਤੇ ਬੈਠ ਕੇ ਸਵਾਰੀ ਦਾ ਆਨੰਦ ਵੀ ਲਿਆ ਜਾ ਸਕਦਾ ਹੈ।

ਇਹ ਇਸ ਧਰਤੀ ਤੇ ਆਦਮੀ ਨਾਲੋਂ ਬਹੁਤ ਪਹਿਲਾਂ ਹੋਂਦ ਵਿੱਚ ਆਇਆ ਅਤੇ ਖੁਦ ਨੂੰ ਵਾਤਾਵਰਣ ਅਤੇ ਹਾਲਾਤਾਂ ਮੁਤਾਬਿਕ ਢਾਲ ਕੇ ਅੱਜ ਵੀ ਹੋਂਦ ਵਿੱਚ ਹੈ। ਸ਼ੁਤਰਮੁਰਗ ਆਦਮੀ ਲਈ ਹਰ ਦ੍ਰਿਸ਼ਟੀ ਨਾਲ ਉਪਯੋਗੀ ਪੰਛੀ ਹੈ। ਲੁਕੇ-ਛੁਪੇ ਸ਼ੁਤਰਮੁਰਗ ਦਾ ਸ਼ਿਕਾਰ ਹੋਣ ਨਾਲ ਇਹਨਾਂ ਦੀ ਗਿਣਤੀ ਵਿੱਚ ਗਿਰਾਵਟ ਆਉਂਦੀ ਜਾ ਰਹੀ ਹੈ। ਵਾਤਾਵਰਣ ਸੁਰੱਖਿਆ ਲਈ ਇਹਨਾਂ ਦੀ ਸੁਰੱਖਿਆ ਕੀਤੀ ਜਾਣੀ ਲਾਜ਼ਮੀ ਹੈ।

# ਖੂਬਸੂਰਤ ਆਲ੍ਹਣਾ

– ਕਲਵਿੰਦਰ ਬੱਬੀ

ਉਂਝ ਤਾਂ ਚਿੜੀਆਂ ਦੀ ਦੁਨੀਆਂ ਵਿੱਚ 450 ਤੋਂ ਵੀ ਵੱਧ ਪ੍ਰਜਾਤੀਆਂ ਮੌਜੂਦ ਹਨ। ਕੁੱਝ ਚਿੜੀਆਂ ਤਾਂ ਬੜੀਆਂ ਹੀ ਸੁੰਦਰ ਹੁੰਦੀਆਂ ਹਨ, ਕੁੱਝ ਬੁੱਧੀਮਾਨ ਵੀ ਹੁੰਦੀਆਂ ਹਨ। ਪਰ ਕੁਦਰਤ ਦੀ ਗੋਦ ਵਿੱਚ ਇੱਕ ਚਿੜੀ ਅਜਿਹੀ ਵੀ ਹੈ ਜਿਸ ਨੂੰ ਕੁਦਰਤ ਦਾ ਕਾਰੀਗਰ ਦਰਜ਼ੀ ਵੀ ਕਿਹਾ ਜਾਂਦਾ ਹੈ। ਇਸ ਚਿੜੀ ਦਾ ਨਾਮ ਹੈ – ਬਿਜੜਾ।

ਬਿਜੜਾ ਆਪਣਾ ਆਲ੍ਹਣਾ ਬਹੁਤ ਖੂਬਸੂਰਤ ਬਣਾਉਂਦਾ ਹੈ। ਇਸ ਦੇ ਨਿਰਮਾਣ ਲਈ ਇਹ ਤਿਨਕੇ, ਰੁੱਖ ਦੇ ਸੁੱਕੇ ਪੱਤੇ, ਸਣ, ਧਾਗੇ, ਤਰ੍ਹਾਂ-ਤਰ੍ਹਾਂ ਦੀ ਜੰਗਲੀ ਘਾਹ, ਚਿਕਨੇ ਪੌਦਿਆਂ ਦਾ ਚਿਪਚਿਪਾ ਦੁੱਧ, ਪਾਣੀ ਅਤੇ ਮਿੱਟੀ ਆਦਿ ਨੂੰ ਦਿਨ-ਰਾਤ ਇੱਕ ਕਰਕੇ ਇੱਕਠਾ ਕਰਦਾ ਹੈ। ਇਸ ਇੱਕ ਆਲ੍ਹਣੇ ਨੂੰ ਇਹ 10-12 ਦਿਨਾਂ ਵਿੱਚ ਪੂਰਾ ਬਣਾ ਲੈਂਦਾ ਹੈ। ਇਸ ਆਲ੍ਹਣੇ ਦੀ ਇੱਕ ਖਾਸੀਅਤ ਇਹ ਹੈ ਕਿ ਇਹ ਲਾਗੇ-ਲਾਗੇ ਤੋਂ ਭਰਿਆ-ਭਰਿਆ ਹੁੰਦਾ ਹੈ ਲੇਕਿਨ ਅੰਦਰ ਤੋਂ ਬਿਲਕੁਲ ਖਾਲੀ। ਅੰਦਰ-ਬਾਹਰ ਆਉਣ ਜਾਣ ਲਈ ਇਸ ਦਾ ਦਾਖਲਾ ਚਿੜੀ ਦੇ ਆਕਾਰ ਤਕ ਖੁੱਲ੍ਹਾ ਹੁੰਦਾ ਹੈ। ਇਸ ਆਲ੍ਹਣੇ ਦੀ ਖੂਬਸੂਰਤ ਬਨਾਵਟ ਵੇਖ ਕੇ ਇੰਝ ਲੱਗਦਾ ਹੈ ਕਿ ਇਸ ਨੂੰ ਕਿਸੇ ਕੁਸ਼ਲ ਦਰਜ਼ੀ (ਕਾਰੀਗਰ) ਨੇ ਬੁਣਿਆ ਹੈ। ਇਹੀ ਕਾਰਣ ਹੈ ਕਿ ਇਸ ਨੂੰ ਕੁਦਰਤ ਦੇ 'ਟੇਲਰ ਬਰਡ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਚਿੜੀ ਦਾ ਵਿਭਿੰਨ ਦੇਸ਼ਾਂ ਦੀ ਜਲਵਾਯੂ ਦੇ ਕਾਰਣ ਰੰਗਰੂਪ ਵੀ ਭਿੰਨ-ਭਿੰਨ ਹੁੰਦਾ ਹੈ। ਅਫਰੀਕਾ ਅਤੇ ਏਸ਼ੀਆ ਵਿੱਚ ਇਸ ਦਾ ਰੰਗ ਹਲਕੇ ਭੂਰੇ ਰੰਗ ਦਾ ਹੁੰਦਾ ਹੈ। ਪਹਾੜੀ ਖੇਤਰਾਂ ਵਿੱਚ ਇਸ ਦੀ ਗਰਦਨ ਲਾਲ ਅਤੇ ਚੁੰਝ ਨੀਲੀ-ਕਾਲੀ ਹੁੰਦੀ ਹੈ, ਅੱਖਾਂ ਮੋਤੀ ਵਾਂਗ ਚਮਕੀਲੀਆਂ ਦਿਖਾਈ ਦਿੰਦੀਆਂ ਹਨ, ਖੰਭਾਂ ਤੇ ਛੋਟੇ-ਛੋਟੇ ਚਿਤਕਬਰੇ ਨਿਸ਼ਾਨ ਹੁੰਦੇ ਹਨ।

ਇਸ ਚਿੜੀ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਕਿ ਇਹ ਕੇਵਲ ਉਹਨਾਂ ਥਾਵਾਂ ਤੇ ਰਹਿਣਾ ਪਸੰਦ ਕਰਦੀ ਹੈ, ਜਿਥੇ ਇਸ ਨੂੰ ਆਪਣਾ ਆਲ੍ਹਣਾ ਬਣਾਉਣ ਲਈ ਆਸਾਨੀ ਨਾਲ ਮਨਪਸੰਦ ਰੁੱਖ ਮਿਲ ਜਾਏ। ਆਲ੍ਹਣੇ ਦਾ ਨਿਰਮਾਣ ਨਰ-ਮਾਦਾ ਦੋਵੇਂ ਹੀ ਮਿਲ ਕੇ ਕਰਦੇ ਹਨ। ਨਰ ਘਾਹ ਅਤੇ ਤਿਨਕੇ ਲੱਭ-ਲੱਭ ਕੇ ਲਿਆਉਂਦਾ ਹੈ ਅਤੇ ਇਹਨਾਂ ਨੂੰ ਇੱਕ ਥਾਂ ਤੇ ਇੱਕਠਾ ਕਰਦਾ ਹੈ, ਫਿਰ ਮਾਦਾ ਵੀ ਹੋਰ ਚੀਜ਼ਾਂ ਲਿਆ ਲਿਆ ਕੇ ਇਸ ਦੇ ਨਾਲ-ਨਾਲ ਆਲ੍ਹਣੇ ਦਾ ਨਿਰਮਾਣ ਸ਼ੁਰੂ ਕਰ ਦਿੰਦੀ ਹੈ। ਦੋਵਾਂ ਦਾ ਇਹ ਯਤਨ ਇੱਕ ਸ਼ਾਨਦਾਰ ਆਲ੍ਹਣੇ ਦੇ ਰੂਪ ਵਿੱਚ ਦਿਖਾਈ ਦੇਣ ਲੱਗਦਾ ਹੈ। ਇਹ ਆਲ੍ਹਣਾ ਇੱਕ ਤਰ੍ਹਾਂ ਨਾਲ ਮਜ਼ਬੂਤ ਵੀ ਹੁੰਦਾ ਹੈ। ਹਵਾ ਦੇ ਤੇਜ਼ ਝੌਂਕੇ, ਤੇਜ਼ ਬਰਸਾਤ, ਗੜੇ ਆਦਿ ਦਾ ਇਸ ਤੇ ਇਕਦਮ ਅਸਰ ਨਹੀਂ ਹੁੰਦਾ। ਫਿਰ ਇਸ ਪੰਛੀ ਦੀ ਨਵੀਂ ਪੀੜੀ ਜਵਾਨ ਹੋ ਕੇ ਆਪਣੇ ਨਵੇਂ ਆਲ੍ਹਣੇ ਦਾ ਨਿਰਮਾਣ ਕਰਦੀ ਹੈ। ■



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ..................................................................

.............................................................................

# ਅਕਤੂਬਰ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਗੁਰਮੁਖ ਨੂਰ (ਉਮਰ 10 ਸਾਲ)
ਵੀ.ਪੀ.ਓ. ਗੁਮਟਾਲਾ
ਜਿਲਾ : ਅੰਮ੍ਰਿਤਸਰ (ਪੰਜਾਬ)

**ਦੂਸਰਾ ਨੰ:**

ਨਵਪ੍ਰੀਤ ਕੌਰ (ਉਮਰ 11 ਸਾਲ)
ਵੀ.ਪੀ.ਓ. ਕਪੂਰਥਲਾ
ਜਿਲਾ : ਕਪੂਰਥਲਾ (ਪੰਜਾਬ)

**ਤੀਸਰਾ ਨੰ:**

ਸਮੀਪਤਾ ਖੁਰਾਣਾ (ਉਮਰ 10 ਸਾਲ)
ਵੀ.ਪੀ.ਓ. ਜਲੰਧਰ
ਜਿਲਾ ਜਲੰਧਰ (ਪੰਜਾਬ)



## ਪਸੰਦ ਕੀਤੇ ਗਏ –

ਦੀਪ ਕਲੇਰ (ਜਲੰਧਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਪ੍ਰੇਰਣਾ (ਬੇਦੀ ਨਗਰ),
ਪ੍ਰਭਜੋਤ ਕੌਰ (ਭੈਰੋਮਾਜਰਾ),
ਅਰਸ਼ਦੀਪ ਸਿੰਘ (ਰੂਪੋਵਾਲ),
ਹਰਸ਼ਪ੍ਰੀਤ ਕੌਰ (ਕੁਰਾਲੀ),
ਗੁਰਵਿੰਦਰ (ਜ਼ੀਰਾ),
ਸੁਖਪ੍ਰੀਤ ਸਿੰਘ (ਮਾਨਸਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਵਿਦਿਤ ਬਜਾਜ (ਖੁਸ਼ਹਾਲਪੁਰ),
ਨਿਹਾਰਿਕਾ (ਲੁਧਿਆਣਾ),
ਸਹਿਜ ਬਾਂਸਲ (ਪਾਤੜਾਂ),
ਭਾਵੇਸ਼ ਬਾਂਸਲ (ਰਾਏਕੋਟ),
ਸ਼ੁਭਮ (ਹੁਸ਼ਿਆਰਪੁਰ),
ਜਸਪ੍ਰੀਤ ਕੌਰ (ਬੋਹਾ),
ਸਿਦਕ ਭਾਟੀਆ (ਦੌਰਾਹਾ),
ਪ੍ਰਵੀਨ ਕੌਰ (ਨਾਨਕ ਨਗਰੀ)

# ਦਸੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਦਸੰਬਰ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਓ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਫਰਵਰੀ 2024 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਮੋਰ

- ਹਰਜਿੰਦਰ ਪਾਇਲ



ਕੁਦਰਤ ਨੇ ਧਰਤੀ ਤੇ
ਜਿੰਨੇ ਜੀਵਾ ਦੀ ਰਚਨਾ ਕੀਤੀ ਹੈ।
ਉਹਨਾਂ ਵਿਚੋਂ ਮੋਰ ਸਭ ਤੋਂ
ਵੱਧ ਸੁੰਦਰ ਪੰਛੀ ਹੈ।

ਨੀਲੇ ਚਮਕੀਲੇ ਖੰਭ ਇਸ ਦੇ,
ਮਖਮਲੀ ਨੀਲੀ ਗਰਦਨ।
ਸਿਰ ਕਲਗੀ ਕਜਰਾਰੀ ਅੱਖਾਂ,
ਆਕਰਸ਼ਿਤ ਕਰਦੀਆਂ ਮਨ।

ਵਰਖਾ ਦੇ ਮੌਸਮ ਵਿੱਚ ਛਾਏ,
ਵੇਖ ਬੱਦਲ ਵਿੱਚ ਗਗਨ।
ਥਿਰਕ-ਥਿਰਕ ਕੇ ਨੱਚੇ,
ਹੋ ਕੇ ਮਸਤ ਮਗਨ।

ਸੁੰਦਰਤਾ ਦਾ ਧਨੀ ਮੋਰ,
ਪੰਛੀਆਂ ਵਿੱਚੋਂ ਨਿਆਰਾ।
ਜਿਥੇ ਜਿਥੇ ਵੀ ਜਾਏ,
ਮੰਨੋਰੰਜਨ ਕਰੇ ਸਾਡਾ।

ਜੰਗਲ, ਬਾਗ-ਬਗੀਚਿਆਂ ਵਿੱਚ,
ਕਰਦਾ ਹੈ ਬਸੇਰਾ।
ਕੇਹਾਂ ਕੇਹਾਂ ਦੀ ਬੋਲੀ ਬੋਲੇ,
ਹੁੰਦੇ ਹੀ ਸਵੇਰਾ।

ਜਵਾਰ ਬਾਜਰਾ ਛੋਲੇ, ਮੱਕੀ,
ਬੜੇ ਚਾਅ ਨਾਲ ਖਾਂਦਾ ਹੈ।
ਚੂਹੇ ਛਿਪਕਲੀ ਅਤੇ ਸੱਪ,
ਨੂੰ ਵੀ ਨਿਗਲ ਜਾਂਦਾ ਹੈ।

ਸੰਨ ਉਨੀ ਸੌ ਤਿਹੱਤਰ,
ਭਾਰਤ ਸਰਕਾਰ ਨੇ ਕੀਤਾ ਸਨਮਾਨ।
ਮੋਰ ਨੂੰ ਰਾਸ਼ਟਰੀ ਪੰਛੀ,
ਬਣਾ ਕੇ ਦਿੱਤਾ ਮਾਣ।

ਜੰਗਲੀ ਜੀਵ ਸੁਰੱਖਿਆ ਐਕਟ,
ਦੇ ਤਹਿਤ ਹੈ ਸੁਰੱਖਿਅਤ।
ਮੋਰ ਦਾ ਸ਼ਿਕਾਰ ਕਰਨਾ,
ਕੀਤਾ ਗਿਆ ਪ੍ਰਤੀਬੰਧਿਤ।

ਕਹਾਣੀ

# ਮੈਂ ਬੇਈਮਾਨ ਨਹੀਂ

– ਪਰਿਧੀ ਮੈਡਮ

ਈਰਾਨ ਵਿੱਚ ਇੱਕ ਆਜੜੀ ਰਹਿੰਦਾ ਸੀ। ਉਸ ਦਾ ਨਾਮ ਰਹੀਮ ਸੀ। ਉਹ ਬਹੁਤ ਇਮਾਨਦਾਰ ਸੀ ਅਤੇ ਮੁਸੀਬਤ ਵਿੱਚ ਹਰ ਆਦਮੀ ਦੀ ਸਹਾਇਤਾ ਕਰਦਾ ਸੀ। ਉਹ ਦਿਨ ਭਰ ਆਪਣੀਆਂ ਭੇਡਾਂ ਚਰਾਉਂਦਾ ਰਹਿੰਦਾ ਸੀ ਪਰ ਜਦ ਵੀ ਕੋਈ ਉਸ ਨੂੰ ਸਹਾਇਤਾ ਲਈ ਬੁਲਾਉਂਦਾ ਉਹ ਪਹੁੰਚ ਜਾਂਦਾ। ਹੌਲੀ-ਹੌਲੀ ਉਸ ਦੀ ਇਮਾਨਦਾਰੀ, ਨੇਕਦਿਲੀ ਪੂਰੇ ਖੇਤਰ ਵਿੱਚ ਫੈਲ ਗਈ। ਐਨੀ ਪ੍ਰਸਿੱਧੀ ਮਿਲਣ ਦੇ ਬਾਵਜੂਦ ਵੀ ਉਸ ਦੇ ਅੰਦਰ ਜਰਾ ਜਿਹਾ ਵੀ ਘੁਮੰਡ ਨਹੀਂ ਆਇਆ। ਉਹ ਕਦੇ ਵੀ ਨਹੀਂ ਭੁੱਲਿਆ ਕਿ ਉਹ ਇੱਕ ਮਾਮੂਲੀ ਜਿਹਾ ਆਜੜੀ ਹੈ, ਜੋ ਭੇਡਾਂ ਚਰਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ।

ਹੌਲੀ-ਹੌਲੀ ਉਸ ਦੀ ਪ੍ਰਸਿੱਧੀ ਈਰਾਨ ਦੇ ਸੁਲਤਾਨ (ਬਾਦਸ਼ਾਹ) ਤਕ ਪਹੁੰਚੀ। ਉਸ ਸਮੇਂ ਬਾਦਸ਼ਾਹ ਦੇ ਕੁੱਝ ਮੰਤਰੀ ਬਗਾਵਤ ਦੀ ਤਿਆਰੀ ਕਰ ਰਹੇ ਸਨ, ਜਿਸ ਨਾਲ ਬਾਦਸ਼ਾਹ ਨੂੰ ਗੱਦਾਰੀ ਦਾ ਖਤਰਾ ਪੈਦਾ ਹੋ ਗਿਆ ਸੀ।

ਬਾਦਸ਼ਾਹ ਨੇ ਰਹੀਮ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ। ਕੁੱਝ ਦੇਰ ਦੀ ਗੱਲਬਾਤ ਦੌਰਾਨ ਹੀ ਉਹ ਰਹੀਮ ਦਾ ਮੁਰੀਦ ਬਣ ਗਿਆ। ਉਸ ਨੇ ਰਹੀਮ ਨੂੰ ਉਸ ਛੋਟੇ ਜਿਹੇ ਇਲਾਕੇ ਦਾ ਜਗੀਰਦਾਰ ਬਣਾ ਦਿੱਤਾ, ਜਿਥੋਂ ਦਾ ਉਹ ਰਹਿਣ ਵਾਲਾ ਸੀ।

ਰਹੀਮ ਬੋਲਿਆ – ਹਜ਼ੂਰ! ਮੈਂ ਇੱਕ ਮਾਮੂਲੀ ਜਿਹਾ ਆਜੜੀ ਹਾਂ। ਮੈਨੂੰ ਕੀ ਪਤਾ ਰਾਜ ਕਿਵੇਂ ਕੀਤਾ ਜਾਂਦਾ ਹੈ।

ਸੁਲਤਾਨ ਨੇ ਕਿਹਾ – ਤੇਰੇ ਅੰਦਰ ਈਮਾਨਦਾਰੀ ਹੈ, ਲਗਨ ਹੈ। ਇਹੀ ਤੇਰਾ ਸਭ ਤੋਂ ਵੱਡਾ ਗੁਣ ਹੈ। ਇਸ ਦੇ ਇਲਾਵਾ ਤੂੰ ਹਰ ਆਦਮੀ ਦੀ ਸਹਾਇਤਾ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਇੱਕ ਚੰਗੇ ਸ਼ਾਸਕ ਵਿੱਚ ਇਹੀ ਗੁਣ ਹੋਣੇ ਚਾਹੀਦੇ ਹਨ।

ਆਖਿਰਕਾਰ ਰਹੀਮ ਨੇ ਸੁਲਤਾਨ ਦੀ ਗੱਲ ਮੰਨ ਲਈ। ਲੇਕਿਨ ਉਸ ਨੂੰ ਇਸ ਦੀ ਖੁਸ਼ੀ ਨਹੀਂ ਹੋਈ। ਸੁਲਤਾਨ ਦੇ ਮੰਤਰੀਆਂ ਨੂੰ ਇਹ ਗੱਲ ਅੱਖਰਣ ਲੱਗੀ ਕਿ ਇੱਕ ਮਾਮੂਲੀ ਆਜੜੀ ਜਗੀਰਦਾਰ ਬਣ ਗਿਆ।



ਆਪਣੇ ਹੀ ਇਲਾਕੇ ਦੇ ਰਹੀਮ ਆਜੜੀ ਨੂੰ ਆਪਣਾ ਜਗੀਰਦਾਰ ਬਣਿਆ ਵੇਖ ਕੇ, ਉਥੋਂ ਦੇ ਲੋਕ ਫੁੱਲੇ ਨਹੀਂ ਸਮਾਏ। ਲੇਕਿਨ ਰਹੀਮ ਵਿਚ ਜਰਾ ਵੀ ਘੁਮੰਡ ਨਹੀਂ ਆਇਆ। ਉਹ ਹਮੇਸ਼ਾਂ ਦੀ ਤਰ੍ਹਾਂ ਸਾਦਾ ਖਾਂਦਾ ਜਿਸ ਨਾਲ ਉਸ ਨੂੰ ਯਾਦ ਰਹੇ ਕਿ ਉਹ ਮਾਮੂਲੀ ਆਜੜੀ ਹੈ। ਰਹੀਮ ਘੋੜੇ ਤੇ ਸਵਾਰ ਹੋ ਕੇ ਪਿੰਡ-ਪਿੰਡ ਜਾਂਦਾ ਅਤੇ ਲੋਕਾਂ

ਦੀਆਂ ਸ਼ਿਕਾਇਤਾਂ ਦੂਰ ਕਰਦਾ। ਉਸ ਦੇ ਪੂਰੇ ਇਲਾਕੇ ਵਿੱਚ ਇੱਕ ਤਰ੍ਹਾਂ ਖੁਸ਼ਹਾਲੀ ਛਾ ਗਈ। ਸੁਲਤਾਨ ਨੂੰ ਵੀ ਇਹ ਸੁਣ ਕੇ ਬਹੁਤ ਖੁਸ਼ੀ ਹੋਈ ਕਿ ਉਸ ਨੇ ਇੱਕ ਚੰਗੇ ਆਦਮੀ ਦੀ ਚੋਣ ਕੀਤੀ ਹੈ।



ਲੇਕਿਨ ਕੁੱਝ ਦਿਨਾਂ ਬਾਦ ਹੀ ਲੋਕਾਂ ਦੇ ਮਨ ਵਿੱਚ ਇੱਕ ਗੱਲ ਖੜਕਣ ਲੱਗੀ ਕਿ ਰਹੀਮ ਜਦ ਸਰਕਾਰੀ ਦੌਰੇ ਤੇ ਜਾਂਦਾ, ਤਾਂ ਉਸ ਦੇ ਪਿੱਛੇ ਇੱਕ ਟੱਟੂ ਵੀ ਜਾਂਦਾ ਸੀ, ਜਿਸ ਤੇ ਇੱਕ ਛੋਟਾ ਜਿਹਾ ਬਕਸਾ ਲੱਧਿਆ ਹੁੰਦਾ ਸੀ ਅਤੇ ਰਹੀਮ ਉਸ ਦਾ ਧਿਆਨ ਲੋੜ ਤੋਂ ਵੱਧ ਰੱਖਦਾ ਸੀ। ਕੁੱਝ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਰਹੀਮ ਨੇ ਉਸ ਵਿੱਚ ਸੋਨਾ-ਚਾਂਦੀ ਅਤੇ ਹੀਰੇ-ਜਵਾਹਰਤ ਇੱਕਠੇ ਕਰ ਰੱਖੇ ਹਨ। ਇਹ ਅਫਵਾਹ ਐਨੀ ਤੇਜ਼ੀ ਨਾਲ ਫੈਲੀ ਕਿ ਇਲਾਕੇ ਵਾਲੇ ਵੀ ਵਿਸ਼ਵਾਸ ਕਰਨ ਲੱਗੇ ਕਿ ਰਹੀਮ ਉਹਨਾਂ ਨੂੰ ਲੁੱਟ ਕੇ ਧਨਵਾਨ ਬਣ ਰਿਹਾ ਹੈ। ਹੁਣ ਲੋਕਾਂ ਦਾ ਵਿਸ਼ਵਾਸ ਉਸ ਤੋਂ ਉਠਣ ਲੱਗਾ।

ਜਦ ਬਾਦਸ਼ਾਹ ਨੇ ਇਹ ਗੱਲ ਸੁਣੀ ਤਾਂ ਉਸ ਨੂੰ ਬਹੁਤ ਦੁੱਖ ਹੋਇਆ ਲੇਕਿਨ ਉਸ ਨੇ ਲੋਕਾਂ ਦੀਆਂ ਆਖੀਆਂ ਗੱਲਾਂ ਦਾ ਵਿਸ਼ਵਾਸ ਕਰਨ ਦੀ ਬਜਾਏ ਖੁਦ ਉਸ ਦਾ ਪਤਾ ਲਗਾਉਣਾ ਠੀਕ ਸਮਝਿਆ। ਇੱਕ ਦਿਨ ਬਾਦਸ਼ਾਹ ਉਸ ਜਗ੍ਹਾ ਪਹੁੰਚ ਗਿਆ ਜਿਥੇ ਰਹੀਮ ਤੰਬੂ ਲਗਾਈ ਬੈਠਾ ਸੀ। ਬਾਦਸ਼ਾਹ ਦੇ ਆਉਣ ਦੀ ਖ਼ਬਰ ਸੁਣ ਕੇ ਰਹੀਮ ਉਹਨਾਂ ਦੀ ਆਉਭਗਤ ਲਈ ਬਾਹਰ ਨਿਕਲਿਆ। ਉਸ ਦੇ ਨਾਲ ਹੀ ਇੱਕ ਨੌਕਰ ਟੱਟੂ ਲੈ ਕੇ ਆਇਆ ਹੋਇਆ ਸੀ, ਜਿਸ ਤੇ ਇੱਕ ਬਕਸਾ ਰੱਖਿਆ ਹੋਇਆ ਸੀ।ਰਹੀਮ ਨੇ ਝੁਕ ਕੇ ਬਾਦਸ਼ਾਹ ਨੂੰ ਸਲਾਮ ਕੀਤੀ, ਲੇਕਿਨ ਬਾਦਸ਼ਾਹ ਦੀ ਨਜ਼ਰ ਟੱਟੂ ਤੇ ਟਿਕੀ ਹੋਈ ਸੀ। ਰਹੀਮ ਸਮਝ ਨਹੀਂ ਸਕਿਆ ਕਿ ਆਖਿਰ ਗੱਲ ਕੀ ਹੈ?

ਬਾਦਸ਼ਾਹ ਨੇ ਕ੍ਰੋਧ ਵਿੱਚ ਕਿਹਾ - ਮੈਂ ਤੈਨੂੰ ਗਰੀਬਾਂ ਦੀ ਸੇਵਾ ਲਈ ਜਗੀਰਦਾਰ ਬਣਾਇਆ ਸੀ, ਉਹਨਾਂ ਨੂੰ ਲੁੱਟ ਕੇ ਆਪਣਾ ਘਰ ਭਰਨ ਲਈ ਨਹੀਂ। ਹੁਣ ਤੂੰ ਇਸ ਅਹੁਦੇ ਦੇ ਲਾਇਕ ਨਹੀਂ ਰਿਹਾ ਕਿਉਂਕਿ ਤੂੰ ਗਰੀਬਾਂ ਦਾ ਖ਼ੂਨ ਚੂਸਿਆ ਹੈ। ਇਸ ਬਕਸੇ ਨੂੰ ਖੋਲ੍ਹ ਕੇ ਵਿਖਾਉ ਕਿ ਤੂੰ ਕਿੰਨਾ ਧਨ ਲੁੱਟ ਕੇ ਇੱਕਠਾ ਕਰ ਲਿਆ ਹੈ?

ਰਹੀਮ ਨੇ ਚੁੱਪਚਾਪ ਬਕਸਾ ਖੋਲ੍ਹ ਦਿੱਤਾ। ਬਾਦਸ਼ਾਹ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਉਸ ਵਿੱਚੋਂ ਇੱਕ ਪੁਰਾਣੀ ਕਮੀਜ਼ ਨਿਕਲੀ।

ਰਹੀਮ ਨੇ ਕਿਹਾ - ਹਜ਼ੂਰ! ਇਹੀ ਹੈ ਮੇਰਾ ਖਜ਼ਾਨਾ। ਇਸ ਨੂੰ ਆਪ ਚਾਹੇ ਸੋਨਾ-ਚਾਂਦੀ ਕਹਿ ਲਉ ਜਾਂ ਹੀਰੇ-ਜਵਾਹਰਤ। ਮੈਂ ਇਸ ਨੂੰ ਹਮੇਸ਼ਾਂ ਆਪਣੇ ਨਾਲ ਇਸ ਲਈ ਰੱਖਦਾ ਹਾਂ ਤਾਂਕਿ ਇਹ ਨਾ ਭੁੱਲ ਜਾਵਾਂ ਕਿ ਮੈਂ ਇੱਕ ਮਾਮੂਲੀ ਆਜੜੀ ਹਾਂ।

ਬਾਦਸ਼ਾਹ ਦੀਆਂ ਅੱਖਾਂ ਭਰ ਆਈਆਂ। ਉਸ ਨੇ ਰਹੀਮ ਨੂੰ ਗਲੇ ਲਗਾਉਂਦੇ ਹੋਏ ਕਿਹਾ- ਮੈਨੂੰ ਮਾਫ਼ ਕਰਨਾ। ਮੈਂ ਤੇਰੇ ਤੇ ਖਾਹਮਖਾਹ ਸ਼ੱਕ ਕੀਤਾ। ਤੂੰ ਮੇਰੇ ਰਾਜ ਦਾ ਸਭ ਤੋਂ ਈਮਾਨਦਾਰ ਆਦਮੀ ਹੈ।

ਉਸ ਦੇ ਬਾਦ ਸੁਲਤਾਨ ਨੇ ਰਹੀਮ ਨੂੰ ਹੋਰ ਵੀ ਵੱਡਾ ਜਗੀਰਦਾਰ ਬਣਾ ਦਿੱਤਾ। ਲੇਕਿਨ ਵੱਡੇ ਤੋਂ ਵੱਡੇ ਅਹੁਦੇ ਤੇ ਪਹੁੰਚ ਕੇ ਵੀ ਰਹੀਮ ਨੇ ਈਮਾਨਦਾਰੀ ਨਹੀਂ ਛੱਡੀ।

ਕਵਿਤਾ

# ਜੰਨਤ ਦੀ ਪਰਿਭਾਸ਼ਾ

# ਨਾਰੀ

– ਬਲਵਿੰਦਰ 'ਬਾਲਮ'



ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜ੍ਹੀ ਦੀ ਅਭਿਲਾਸ਼ਾ।
ਨਾਰੀ ਮੰਦਿਰ ਵਿਚ ਜਿਉਂ ਜੋਤੀ।
ਨਾਰੀ ਮਮਤਾ ਵਾਲੀ ਗੋਦੀ।

ਨਾਰੀ ਧਰਤੀ ਨਾਰੀ ਅੰਬਰ।
ਨਾਰੀ ਸੁਖਮਨੀ ਦੁਖ ਅੰਦਰ।
ਨਾਰੀ ਸਤਿਅਮ ਸੁੰਦਰ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।

ਨਾਰੀ ਜਿਉਂ ਖਿੜਦੀ ਖੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ।

ਨਾਰੀ ਕਰਕੇ ਸੰਸਾਰ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖੁਸ਼ਬੂ ਚੰਦਨ ਵਾਂਗੂੰ।

ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।
ਨਾਰੀ ਸਾਰੇ ਜਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ।

ਨਾਰੀ 'ਬਾਲਮ' ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।

# ਕਦੇ ਨਾ ਭੁੱਲੋ

- ਜੀਵਨ ਵਿੱਚ ਸਫਲਤਾ ਉਸੇ ਨੂੰ ਮਿਲਦੀ ਹੈ ਜੋ ਬਚਪਨ ਵਿੱਚ ਚੰਗੇ ਨਿਯਮਾਂ ਦਾ ਪਾਲਣ ਕਰਦੇ ਹਨ।
- ਜੇਕਰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ ਅਰਪਿਤ ਕਰੋ।

– ਸੁਭਾਸ਼ਚੰਦਰ ਬੋਸ

- ਪਵਿੱਤਰਤਾ ਉਹ ਧਨ ਹੈ ਜੋ ਪ੍ਰੇਮ ਨਾਲ ਹੀ ਪੈਦਾ ਹੁੰਦਾ ਹੈ।

– ਨੈਪੋਲੀਅਨ

- ਉਤਮ ਸਿੱਖਿਆ ਕਿਤੋਂ ਵੀ ਮਿਲੇ ਤਾਂ ਲੈਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ।

– ਚਾਣਕਯ

- ਪ੍ਰੇਮ ਦੀ ਸ਼ਕਤੀ ਘ੍ਰਿਣਾ ਦੀ ਸ਼ਕਤੀ ਦੀ ਬਜਾਏ ਕਈ ਗੁਣਾਂ ਜ਼ਿਆਦਾ ਪ੍ਰਭਾਵਸ਼ਾਲੀ ਹੈ।

– ਸਵਾਮੀ ਵਿਵੇਕਾਨੰਦ

- ਗਿਆਨ, ਕਰਮ ਅਤੇ ਭਗਤੀ ਇਹਨਾਂ ਤਿੰਨਾਂ ਦਾ ਜਿਸ ਥਾਂ ਏਕਾ ਹੁੰਦਾ ਹੈ ਉਹੀ ਸ੍ਰੇਸ਼ਠ ਜਤਨ ਹੈ।

– ਅਰਵਿੰਦ ਘੋਸ਼

- ਵਿਦਵਾਨਾਂ ਦੀ ਸੰਗਤ ਨਾਲ ਗਿਆਨ ਮਿਲਦਾ ਹੈ, ਗਿਆਨ ਨਾਲ ਨਿਮਰਤਾ, ਨਿਮਰਤਾ ਨਾਲ ਪ੍ਰੇਮ ਅਤੇ ਲੋਕ ਪ੍ਰੇਮ ਨਾਲ ਕੀ ਨਹੀਂ ਪ੍ਰਾਪਤ ਕਰ ਸਕਦੇ।
- ਦੂਸਰਿਆਂ ਦੇ ਅਨੁਭਵਾਂ ਤੋਂ ਲਾਭ ਲੈਣ ਵਾਲਾ ਬੁੱਧੀਮਾਨ ਹੁੰਦਾ ਹੈ।

– ਪੰ. ਜਵਾਹਰ ਲਾਲ ਨਹਿਰੂ

- ਸੰਸਾਰ ਵਿੱਚ ਕੋਈ ਵੀ ਅਜਿਹਾ ਨਹੀਂ ਹੈ ਜੋ ਨੀਤੀ ਦਾ ਜਾਣਕਾਰ ਨਹੀਂ ਹੈ। ਲੇਕਿਨ ਉਸ ਦੇ ਇਸਤੇਮਾਲ ਤੋਂ ਲੋਕ ਵਾਂਝੇ ਹੁੰਦੇ ਹਨ।
- ਦੁਨੀਆਂ ਵਿੱਚ ਸਭ ਕੁੱਝ ਦੁਬਾਰਾ ਮਿਲ ਸਕਦਾ ਹੈ ਪਰ ਮਾਂ-ਬਾਪ ਨਹੀਂ ਮਿਲਦੇ।

– ਸਿਸਰੋ

- ਮਨੁੱਖ ਓਨਾ ਹੀ ਮਹਾਨ ਹੋਵੇਗਾ ਜਿੰਨਾ ਆਪਣੀ ਆਤਮਾ ਵਿੱਚ ਸੱਚ, ਤਿਆਗ, ਦਯਾ, ਪ੍ਰੇਮ ਅਤੇ ਸ਼ਾਂਤੀ ਦਾ ਵਿਕਾਸ ਕਰੇਗਾ।

– ਸਵੇਟ ਮਾਰਡਨ

- ਆਪਣੇ ਆਪ ਨੂੰ ਵਸ਼ ਵਿੱਚ ਰੱਖਣ ਨਾਲ ਹੀ ਪੂਰਣ ਮਨੁੱਖਤਾ ਪ੍ਰਾਪਤ ਹੁੰਦੀ ਹੈ।
- ਕੁਦਰਤ ਅਥਾਹ ਗਿਆਨ ਦਾ ਭੰਡਾਰ ਹੈ, ਪੱਤੇ-ਪੱਤੇ ਵਿੱਚ ਸਿਖਿਆਪੂਰਣ ਪਾਠ ਹੈ ਪ੍ਰੰਤੂ ਉਹਨਾਂ ਤੋਂ ਲਾਭ ਲੈਣ ਲਈ ਅਨੁਭਵ ਜ਼ਰੂਰੀ ਹੈ।

– ਰਿਗਵੇਦ

ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ

ਚਿੱਤਰਕਥਾ

# ਮਿਹਨਤ ਰੰਗ ਲਿਆਉਂਦੀ ਹੈ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਮੋਹਨਦਾਸ ਰਾਤ ਨੂੰ ਜਦ ਘਰ ਵਾਪਸ ਜਾ ਰਿਹਾ ਸੀ ਤਾਂ ਇੱਕ ਗੱਡੀ ਨਾਲ ਉਸ ਦਾ ਐਕਸੀਡੈਂਟ ਹੋ ਜਾਂਦਾ ਹੈ, ਜਿਸ ਕਰਕੇ ਉਹ ਆਪਣਾ ਇੱਕ ਪੈਰ ਗਵਾਹ ਬੈਠਦਾ ਹੈ।


ਮੋਹਨਦਾਸ ਦੇ ਐਕਸੀਡੈਂਟ ਦੀ ਖਬਰ ਮਿਲਦੇ ਹੀ ਮਾਲਤੀ ਅਤੇ ਅਭਿਸ਼ੇਕ ਹਸਪਤਾਲ ਪਹੁੰਚ ਜਾਂਦੇ ਹਨ।


ਮੋਹਨਦਾਸ ਦੇ ਐਕਸੀਡੈਂਟ ਦੇ ਬਾਦ ਮਾਲਤੀ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਹੁਣ ਘਰ ਕਿਵੇਂ ਚਲੇਗਾ। ਇਹੀ ਸੋਚ-ਸੋਚ ਕੇ ਉਹ ਪ੍ਰੇਸ਼ਾਨ ਹੋ ਰਹੀ ਸੀ।


ਮਾਂ, ਪਿਤਾ ਜੀ ਵੇਖੋ ਮੈਂ ਜਮਾਤ ਵਿੱਚੋਂ ਪਹਿਲੇ ਦਰਜ਼ੇ ਤੇ ਆਇਆ ਹਾਂ।
ਸ਼ਾਬਾਸ਼ ਬੇਟੇ! ਲੇਕਿਨ ਹੁਣ ਤੈਨੂੰ ਅੱਗੇ ਪੜ੍ਹਾਉਣ ਲਈ ਸਾਡੇ ਕੋਲ ਪੈਸੇ ਨਹੀਂ ਹਨ।


ਮਾਂ, ਕਿਉਂ ਨਾ ਅਸੀਂ ਪਿਤਾ ਜੀ ਦਾ ਠੇਲਾ ਫਿਰ ਤੋਂ ਲਗਾਉਣਾ ਸ਼ੁਰੂ ਕਰ ਦੇਈਏ। ਇਸ ਨਾਲ ਸਾਡੀਆਂ ਪ੍ਰੇਸ਼ਾਨੀਆਂ ਕਾਫੀ ਘੱਟ ਹੋ ਜਾਣਗੀਆਂ।
ਠੀਕ ਹੈ ਬੇਟਾ! ਅਸੀਂ ਕੱਲ ਹੀ ਬਾਜ਼ਾਰ ਜਾ ਕੇ ਸਾਰਾ ਸਮਾਨ ਲਿਆਉਂਦੇ ਹਾਂ।


ਪਾਵ ਭਾਜੀ
ਅਗਲੇ ਦਿਨ ਮਾਲਤੀ ਅਤੇ ਅਭਿਸ਼ੇਕ ਬਾਜ਼ਾਰ ਜਾ ਕੇ ਸਾਰਾ ਸਮਾਨ ਲਿਆ ਕੇ ਘਰ ਵਿੱਚ ਹੀ ਪਾਵ-ਭਾਜੀ ਤਿਆਰ ਕਰਦੇ ਹਨ ਅਤੇ ਆਪਣਾ ਠੇਲਾ ਲੈ ਕੇ ਬਾਜ਼ਾਰ ਵੱਲ ਚੱਲ ਪੈਂਦੇ ਹਨ।


ਭਾਜੀ
ਆਉ ਗਰਮਾ-ਗਰਮ ਸਵਾਦੀ ਪਾਵ-ਭਾਜੀ ਖਾਉ।


ਮਾਲਤੀ ਅਤੇ ਅਭਿਸ਼ੇਕ ਦੀ ਮਿਹਨਤ ਰੰਗ ਲਿਆਉਂਦੀ ਹੈ ਅਤੇ ਉਹਨਾਂ ਦੀ ਆਰਥਿਕ ਹਾਲਤ ਠੀਕ ਹੋ ਜਾਂਦੀ ਹੈ। ਮੋਹਨਦਾਸ ਵੀ ਹੁਣ ਸੋਟੀ ਦੇ ਸਹਾਰੇ ਚੱਲਣ-ਫਿਰਨ ਲੱਗਦਾ ਹੈ।


ਕੁੱਝ ਦਿਨਾਂ ਬਾਅਦ ਮੋਹਨਦਾਸ ਪੂਰੀ ਤਰ੍ਹਾਂ ਠੀਕ ਹੋ ਜਾਂਦਾ ਹੈ। ਹੁਣ ਮਾਲਤੀ ਅਤੇ ਮੋਹਨਦਾਸ ਦੋਵੇਂ ਮਿਲ ਕੇ ਠੇਲਾ ਚਲਾਉਂਦੇ ਹਨ। ਅਭਿਸ਼ੇਕ ਫਿਰ ਤੋਂ ਆਪਣੀ ਪੜ੍ਹਾਈ ਸ਼ੁਰੂ ਕਰ ਦਿੰਦਾ ਹੈ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!









Video & Audio Webcasts on www.nirankari.org - Every month


SANT NIRANKARI MISSION

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment





NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : 9818883394